Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 35 09/06/2025 www.samajweekly.com samajweekly @samajweekly samajweekly

# ਮਨੀਪੁਰ ਵਿੱਚ ਰੋਸ ਪ੍ਰਦਰਸ਼ਨਾਂ ਮਗਰੋਂ ਕਈ ਥਾਵਾਂ ’ਤੇ ਪਾਬੰਦੀਆਂ ਲਾਗੂ

## ਇੰਟਰਨੈੱਟ ਸੇਵਾਵਾਂ ਮੁਅੱਤਲ; ਪ੍ਰਦਰਸ਼ਨਕਾਰੀਆਂ ਨੇ ਖ਼ੁਦ ’ਤੇ ਪੈਟਰੋਲ ਛਿੜਕਿਆ; ਬੱਸ ਨੂੰ ਅੱਗ ਲਾਈ

**ਇੰਫਾਲ।** ਮਨੀਪੁਰ ਵਿੱਚ Meitei outfit Arambai Tenggol ਦੇ ਇੱਕ ਆਗੂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਹਿੰਸਕ ਪ੍ਰਦਰਸ਼ਨਾਂ ਤੋਂ ਇੱਕ ਦਿਨ ਬਾਅਦ ਅੱਜ ਸਥਿਤੀ ਤਣਾਅਪੂਰਨ ਬਣੀ ਰਹੀ ਅਤੇ ਪ੍ਰਸ਼ਾਸਨ ਨੇ ਇੰਫਾਲ ਘਾਟੀ ਦੇ ਪੰਜ ਜ਼ਿਲ੍ਹਿਆਂ ਵਿੱਚ ਕਰਫਿਊ ਲਾ ਦਿੱਤਾ ਅਤੇ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ।

ਪੁਲੀਸ ਨੇ ਦੱਸਿਆ ਕਿ ਇੰਫਾਲ ਪੱਛਮੀ, ਇੰਫਾਲ ਪੂਰਬੀ, ਥੌਬਲ, ਬਿਸ਼ਨੂਪੁਰ ਅਤੇ ਕਾਕਚਿੰਗ ਜ਼ਿਲ੍ਹਿਆਂ ਵਿੱਚ ਇਹਤਿਆਤ ਵਜੋਂ ਕਰਫਿਊ ਲਾਇਆ ਗਿਆ ਹੈ ਅਤੇ ਇਨ੍ਹਾਂ ਘਾਟੀ ਖੇਤਰਾਂ ਵਿੱਚ VSAT ਅਤੇ VPN ਸਹੂਲਤਾਂ ਸਮੇਤ ਇੰਟਰਨੈੱਟ ਅਤੇ ਮੋਬਾਈਲ ਡਾਟਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਪ੍ਰਦਰਸ਼ਨਕਾਰੀਆਂ ਨੇ ਆਗੂ ਦੀ ਰਿਹਾਈ ਦੀ ਮੰਗ ਕਰਦਿਆਂ Kwakiethel and Uirpok, ’ਚ ਸੜਕ ’ਤੇ ਟਾਇਰਾਂ ਅਤੇ ਪੁਰਾਣਾ ਫਰਨੀਚਰ ਨੂੰ ਅੱਗ ਲਾ ਦਿੱਤੀ। ਸੂਬੇ ਦੀ ਰਾਜਧਾਨੀ ਵਿੱਚ ਸ਼ਨਿਚਰਵਾਰ ਰਾਤ ਨੂੰ ਵੱਖ-ਵੱਖ ਥਾਵਾਂ ’ਤੇ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਹੋਈਆਂ। ਇੰਫਾਲ ਪੂਰਬੀ ਜ਼ਿਲ੍ਹੇ ਦੇ ਖੁਰਾਈ ਲਾਮਲੋਂਗ ਵਿੱਚ ਗੁੱਸੇ ਵਿੱਚ ਆਈ ਭੀੜ ਨੇ ਬੱਸ ਨੂੰ ਅੱਗ ਲਗਾ ਦਿੱਤੀ। ਸੁਰੱਖਿਆ ਬਲਾਂ ਨੇ ਇੱਥੇ ਰਾਜ ਭਵਨ ਤੋਂ ਲਗਪਗ 200 ਮੀਟਰ ਦੂਰ ਕਾਂਗਲਾ ਗੇਟ ਦੇ ਸਾਹਮਣੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ। ਰਾਜ ਭਵਨ ਵੱਲ ਜਾਣ ਵਾਲੀਆਂ ਸੜਕਾਂ ’ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਕੇਂਦਰੀ ਬਲਾਂ ਦੇ ਜਵਾਨਾਂ ਦੀ ਵਾਧੂ ਤਾਇਨਾਤੀ ਕੀਤੀ ਗਈ ਹੈ। ਗੜਬੜਜ਼ਦਾ ਉੱਤਰ-ਪੂਰਬੀ ਰਾਜ ਵਿੱਚ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ, ਇੰਫਾਲ ਪੱਛਮੀ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਇੱਕ ਆਦੇਸ਼ ਵਿੱਚ ਕਿਹਾ ਗਿਆ, ‘‘ਇੰਫਾਲ ਪੱਛਮੀ ਦੇ



ਪੁਲੀਸ ਸੁਪਰਡੈਂਟ ਨੇ ਸਮਾਜ ਵਿਰੋਧੀ ਅਨਸਰਾਂ ਤੱਤਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਕਾਰਨ ਖੇਤਰ ਵਿੱਚ ਸ਼ਾਂਤੀ ਦੀ ਗੰਭੀਰ ਉਲੰਘਣਾ, ਜਨਤਕ ਸ਼ਾਂਤੀ ਵਿਗੜਨ, ਦੰਗੇ ਜਾਂ ਝਗੜਿਆਂ ਤੇ ਮਨੁੱਖੀ ਜਾਨ-ਮਾਲ ਨੂੰ ਗੰਭੀਰ ਖ਼ਤਰਾ ਹੋਣ ਦੀ ਰਿਪੋਰਟ ਦਿੱਤੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਭੰਸ਼ਸ਼) ਦੀ ਧਾਰਾ 163 ਦੀ ਉਪ-ਧਾਰਾ ਦੋ ਤਹਿਤ ਪੰਜ ਜਾਂ ਵੱਧ ਲੋਕਾਂ ਦੇ ਇਕੱਠੇ ਹੋਣ ਅਤੇ ਡੰਡੇ, ਪੱਥਰ, ਹਥਿਆਰ ਜਾਂ ਤਿੱਖੇ ਹਥਿਆਰ ਲੈ ਕੇ ਜਾਣ ’ਤੇ ਪਾਬੰਦੀ ਲਾਈ ਹੈ।’’ ਪੁਲੀਸ ਨੇ ਕਿਹਾ ਕਿ ਥੌਬਲ ਅਤੇ ਕਾਕਚਿੰਗ ਜ਼ਿਲ੍ਹਿਆਂ ਵਿੱਚ ਵੀ ਇਸੇ ਤਰ੍ਹਾਂ ਦੇ ਸਾਵਧਾਨੀ ਉਪਾਅ ਕੀਤੇ ਗਏ ਹਨ। ਇੰਫਾਲ ਪੂਰਬੀ ਅਤੇ ਬਿਸ਼ਨੂਪੁਰ ਜ਼ਿਲ੍ਹਿਆਂ ਵਿੱਚ, ਲੋਕਾਂ ਨੂੰ ਸ਼ਨਿਚਰਵਾਰ ਰਾਤ 10 ਵਜੇ ਤੋਂ BNSS ਦੀ ਧਾਰਾ 163 ਦੀ ਉਪ-ਧਾਰਾ ਇੱਕ ਦੇ ਤਹਿਤ ਅਗਲੇ ਆਦੇਸ਼ਾਂ ਤੱਕ ਆਪਣੇ ਘਰਾਂ ਤੋਂ ਬਾਹਰ ਨਿਕਲਣ ਦੀ ਮਨਾਹੀ ਕੀਤੀ ਗਈ ਹੈ। ਇੱਕ ਪੁਲੀਸ ਅਧਿਕਾਰੀ ਨੇ ਕਿਹਾ, ‘‘Arambia Tenggol ਦੇ ਆਗੂ ਦੀ ਗ੍ਰਿਫਤਾਰੀ ਤੋਂ ਬਾਅਦ ਹਿੰਸਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਾਲਿਆਂ ਵਿਚਕਾਰ ਝੜਪ ਵਿੱਚ ਤਿੰਨ ਲੋਕ ਜ਼ਖਮੀ ਹੋ ਗਏ।’’ ਸਾਰੇ ਸਾਵਧਾਨੀ ਉਪਾਅ ਕੀਤੇ ਜਾ ਰਹੇ ਹਨ।’’ ਸ਼ਨਿਚਰਵਾਰ ਰਾਤ 11:45 ਵਜੇ ਤੋਂ ਪੰਜ ਦਿਨਾਂ ਲਈ ਘਾਟੀ ਦੇ ਪੰਜ ਜ਼ਿਲ੍ਹਿਆਂ ਵਿੱਚ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਕਰ ਦਿੱਤੀਆਂ ਗਈਆਂ ਹਨ।

# ਰਾਹੁਲ ਗਾਂਧੀ ਨੇ ਬਿਹਾਰ ਚੋਣਾਂ ’ਤੇ ਮਹਾਰਾਸ਼ਟਰ ਵਾਂਗ ‘ਫ਼ਿਕਸ’ ਹੋਣ ਦਾ ਦੋਸ਼ ਲਾਇਆ

**ਨਵੀਂ ਦਿਲੀ।** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ 2024 ਦੀਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲੋਕਤੰਤਰ ’ਚ ਹੇਰਾਫੇਰੀ ਦਾ ਖਾਕਾ ਸਨ। ਇਸ ’ਤੇ ਭਾਰਤੀ ਭਾਰਤੀ ਜਨਤਾ ਪਾਰਟੀ (ਭਾਜਪਾ) ਪ੍ਰਧਾਨ ਜੇ.ਪੀ. ਨੱਢਾ ਨੇ ਸਖ਼ਤ ਪ੍ਰਤੀਕਿਰਿਆ ਪ੍ਰਗਟਾਈ ਅਤੇ ਉਨ੍ਹਾਂ ਨੇ ਕਾਂਗਰਸ ਆਗੂ ’ਤੇ ਚੋਣਾਂ ’ਚ ਹਾਰ ਦੀ ਨਿਰਾਸ਼ਾ ’ਚ ‘ਅਜੀਬੋ-ਗ਼ਰੀਬ ਸਾਜ਼ਸ਼ਾਂ ਦੀਆਂ ਕਹਾਣੀਆਂ’ ਬਣਾਉਣ ਦਾ ਦੋਸ਼ ਲਾਇਆ। ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਨੇ ਇੰਡੀਅਨ ਐਕਸਪ੍ਰੈਸ ’ਚ ਛਪੇ ਅਪਣੇ ਇਕ ਲੇਖ ’ਚ ਦੋਸ਼ ਲਾਇਆ ਕਿ ਇਹ ਚੋਣ ‘ਮੈਚ ਫਿਕਸਿੰਗ’ ਅਗਲੀ ਵਾਰ ਬਿਹਾਰ ਚੋਣਾਂ ’ਚ ਅਤੇ ‘ਜਿੱਥੇ ਵੀ ਭਾਜਪਾ ਹਾਰ ਰਹੀ ਹੈ’ ’ਚ ਹੋਵੇਗੀ। ‘ਐਕਸ’ ’ਤੇ ਇਕ ਪੋਸਟ ਵਿਚ ਉਨ੍ਹਾਂ ਨੇ ਕਿਹਾ, ‘‘ਮੇਰਾ ਲੇਖ ਦਰਸਾਉਂਦਾ ਹੈ ਕਿ ਇਹ ਕਿਵੇਂ ਹੋਇਆ, ਕਦਮ-ਦਰ-ਕਦਮ: ਕਦਮ 1: ਚੋਣ ਕਮਿਸ਼ਨ ਦੀ ਨਿਯੁਕਤੀ ਲਈ ਪੈਨਲ ਵਿਚ ਹੇਰਾਫੇਰੀ ਕਰਨਾ। ਕਦਮ 2: ਜਾਅਲੀ ਵੋਟਰਾਂ ਨੂੰ ਸੂਚੀ ’ਚ ਸ਼ਾਮਲ ਕਰੋ। ਕਦਮ 3: ਵੋਟਰਾਂ ਦੀ ਗਿਣਤੀ ਵਧਾਓ। ਕਦਮ 4: ਜਾਅਲੀ ਵੋਟਿੰਗ ਨੂੰ ਨਿਸ਼ਾਨਾ ਬਣਾਓ ਜਿੱਥੇ ਭਾਜਪਾ ਨੂੰ ਜਿੱਤਣ ਦੀ ਜ਼ਰੂਰਤ ਹੈ। ਕਦਮ 5: ਸਬੂਤ ਲੁਕਾਓ।’’



ਹਾਲਾਂਕਿ ਨੱਢਾ ਨੇ ਮੋੜਵਾਂ ਵਾਰ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਦਾ ਲੇਖ ਝੂਠੀਆਂ ਕਹਾਣੀਆਂ ਘੜਨ ਦਾ ਖਾਕਾ ਹੈ ਕਿਉਂਕਿ ਉਨ੍ਹਾਂ ਨੂੰ ਚੋਣਾਂ ਤੋਂ ਬਾਅਦ ਚੋਣਾਂ ਹਾਰਨ ਦਾ ਦੁੱਖ ਅਤੇ ਨਿਰਾਸ਼ਾ ਹੈ। ਉਨ੍ਹਾਂ ਕਿਹਾ, ‘‘ਉਹ ਕਦਮ-ਦਰ-ਕਦਮ ਇਸ ਤਰ੍ਹਾਂ ਇਹ ਕਰਦੇ ਹਨ। ਕਦਮ 1: ਕਾਂਗਰਸ ਪਾਰਟੀ ਅਪਣੀਆਂ ਹਰਕਤਾਂ ਕਾਰਨ ਚੋਣਾਂ ਤੋਂ ਬਾਅਦ ਚੋਣਾਂ ’ਚ ਹਾਰ ਜਾਂਦੀ ਹੈ। ਕਦਮ 2: ਆਤਮ-ਨਿਰੀਖਣ ਕਰਨ ਦੀ ਬਜਾਏ, ਉਹ ਅਜੀਬ ਸਾਜ਼ਸ਼ਾਂ ਰਚਦੇ ਹਨ ਅਤੇ ਧਾਂਦਲੀ ਦਾ ਰੋਣਾ ਰੋਂਦੇ ਹਨ। ਕਦਮ 3: ਸਾਰੇ ਤੱਥਾਂ ਅਤੇ ਅੰਕੜਿਆਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਕਦਮ 4: ਬਗੈਰ ਕਿਸੇ ਸਬੂਤ ਤੋਂ ਸੰਸਥਾਵਾਂ ਨੂੰ ਬਦਨਾਮ ਕਰਨਾ।’’

ਉਨ੍ਹਾਂ ਨੇ ਅੱਗੇ ਕਿਹਾ, ‘‘ਕਦਮ 5: ਤੱਥਾਂ ’ਤੇ ਸੁਰਖੀਆਂ ਦੀ ਉਮੀਦ। ਵਾਰ-ਵਾਰ ਬੇਨਕਾਬ ਹੋਣ ਦੇ ਬਾਵਜੂਦ ਉਹ ਬੇਸ਼ਰਮੀ ਨਾਲ ਝੂਠ ਬੋਲਦੇ ਰਹਿੰਦੇ ਹਨ। ਅਤੇ ਉਹ ਅਜਿਹਾ ਇਸ ਲਈ ਕਰ ਰਹੇ ਹਨ ਕਿਉਂਕਿ ਬਿਹਾਰ ’ਚ ਹਾਰ ਨਿਸ਼ਚਿਤ ਹੈ।’’ ਨੱਢਾ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਨੂੰ ਡਰਾਮੇ ਦੀ ਲੋੜ ਨਹੀਂ ਹੈ ਅਤੇ ਇਸ ਨੂੰ ਸੱਚਾਈ ਦੀ ਲੋੜ ਹੈ। ਰਾਹੁਲ ਗਾਂਧੀ ਨੇ ਕਿਹਾ ਸੀ ਕਿ ‘ਫ਼ਿਕਸ’ ਚੋਣਾਂ ਕਿਸੇ ਵੀ ਲੋਕਤੰਤਰ ਲਈ ਜ਼ਹਿਰ ਹੁੰਦੀਆਂ ਹਨ ਅਤੇ ਧੋਖਾ ਦੇਣ ਵਾਲਾ ਪੱਖ ਖੇਡ ਜਿੱਤ ਸਕਦਾ ਹੈ, ਇਸ ਨਾਲ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਲੋਕਾਂ ਦਾ ਵਿਸ਼ਵਾਸ ਤਬਾਹ ਹੁੰਦਾ ਹੈ।

ਅਪਣੇ ਲੇਖ ਵਿਚ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਵੋਟਰਾਂ ਦੀ ਗਿਣਤੀ ਦੇ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ।

ਉਨ੍ਹਾਂ ਕਿਹਾ, ‘‘ਚੋਣ ਕਮਿਸ਼ਨ ਦੇ ਅੰਕੜੇ ਦਰਸਾਉਂਦੇ ਹਨ ਕਿ 2019 ਦੀਆਂ ਵਿਧਾਨ ਸਭਾ ਚੋਣਾਂ ’ਚ ਮਹਾਰਾਸ਼ਟਰ ’ਚ ਰਜਿਸਟਰਡ ਵੋਟਰਾਂ ਦੀ ਗਿਣਤੀ 8.98 ਕਰੋੜ ਸੀ, ਜੋ ਪੰਜ ਸਾਲ ਬਾਅਦ ਮਈ 2024 ਦੀਆਂ ਲੋਕ ਸਭਾ ਚੋਣਾਂ ਲਈ ਵਧ ਕੇ 9.29 ਕਰੋੜ ਹੋ ਗਈ। ਪਰ ਸਿਰਫ ਪੰਜ ਮਹੀਨੇ ਬਾਅਦ, ਨਵੰਬਰ 2024 ਦੀਆਂ ਵਿਧਾਨ ਸਭਾ ਚੋਣਾਂ ਤਕ ਇਹ ਗਿਣਤੀ ਵਧ ਕੇ 9.70 ਕਰੋੜ ਹੋ ਗਈ ਸੀ। ਪੰਜ ਸਾਲਾਂ ’ਚ 31 ਲੱਖ ਦਾ ਅੰਕੜਾ ਅਤੇ ਫਿਰ ਸਿਰਫ 5 ਮਹੀਨਿਆਂ ’ਚ 41 ਲੱਖ ਦਾ ਵਾਧਾ।’’ਉਨ੍ਹਾਂ ਨੇ ਅਪਣੇ ਲੇਖ ’ਚ ਕਿਹਾ ਕਿ ਇਹ ਛਾਲ ਇੰਨੀ ਹੈਰਾਨੀਜਨਕ ਸੀ ਕਿ ਸਰਕਾਰ ਦੇ ਅਪਣੇ ਅਨੁਮਾਨਾਂ ਮੁਤਾਬਕ ਕੁਲ 9.70 ਕਰੋੜ ਰਜਿਸਟਰਡ ਵੋਟਰ ਮਹਾਰਾਸ਼ਟਰ ਦੇ 9.54 ਕਰੋੜ ਬਾਲਗਾਂ ਨਾਲੋਂ ਵੀ ਜ਼ਿਆਦਾ ਹਨ।

# ਟਰੰਪ ਨੇ ਫਿਰ ਕਿਹਾ: ਮੈਂ ਭਾਰਤ-ਪਾਕਿ ਯੁੱਧ ਰੋਕਿਆ, ਕਿਹਾ ਦੋਨਾਂ ਵਿਚਕਾਰ ਹੋ ਸਕਦਾ ਸੀ ਪ੍ਰਮਾਣੂ ਯੁੱਧ

**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਇੱਕ ਵਾਰ ਫਿਰ ਕਿਹਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਭਾਵੀ ਯੁੱਧ ਰੋਕਿਆ। ਟਰੰਪ ਨੇ ਦਾਅਵਾ ਕੀਤਾ ਕਿ ਜੇਕਰ ਉਨ੍ਹਾਂ ਨੇ ਦਖਲ ਨਾ ਦਿੱਤਾ ਹੁੰਦਾ, ਤਾਂ ਇਹ ਲੜਾਈ ਪ੍ਰਮਾਣੂ ਯੁੱਧ ਵਿੱਚ ਬਦਲ ਸਕਦੀ ਸੀ। ਆਪਣੇ ਸਰਕਾਰੀ ਜਹਾਜ਼ ਏਅਰ ਫੋਰਸ ਵਨ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਵਪਾਰ ਨੂੰ ਹਥਿਆਰ ਬਣਾ ਕੇ ਦੋਨਾਂ ਦੇਸ਼ਾਂ ਨੂੰ ਤੁਰੰਤ ਝੜਪਾਂ ਰੋਕਣ ਲਈ ਮਜਬੂਰ ਕੀਤਾ। ਟਰੰਪ ਨੇ ਹੁਣ ਤੱਕ ਇਸ ਮੁੱਦੇ 'ਤੇ 12 ਵਾਰ ਬਿਆਨ ਦਿੱਤੇ ਹਨ। ਟਰੰਪ ਨੇ ਕਿਹਾ ਕਿ ਮੈਂ ਕੁਝ ਅਜਿਹਾ ਕੀਤਾ ਜਿਸ ਬਾਰੇ ਲੋਕ ਜ਼ਿਆਦਾ ਗੱਲ ਨਹੀਂ



ਕਰਦੇ, ਅਤੇ ਮੈਂ ਵੀ ਜ਼ਿਆਦਾ ਨਹੀਂ ਬੋਲਦਾ। ਅਸੀਂ ਭਾਰਤ ਅਤੇ ਪਾਕਿ-ਸਤਾਨ ਵਿਚਕਾਰ ਇੱਕ ਵੱਡੀ ਸੰਭਾਵੀ ਪ੍ਰਮਾਣੂ ਸਮੱਸਿਆ ਦਾ ਹੱਲ ਕੱਢਿਆ। ਮੈਂ ਦੋਨਾਂ ਦੇਸ਼ਾਂ ਦੇ ਨੇਤਾਵਾਂ ਨਾਲ ਗੱਲ ਕੀਤੀ। ਦੋਵੇਂ ਦੇਸ਼ ਇੱਕ ਦੂਜੇ 'ਤੇ ਹਮਲਾ ਕਰਨ ਲਈ ਤਿਆਰ ਸਨ ਅਤੇ ਇਹ ਪ੍ਰਮਾਣੂ ਯੁੱਧ ਦੇ ਪੱਧਰ ਤੱਕ ਜਾ ਸਕਦਾ ਸੀ। ਟਰੰਪ ਦੇ ਦਾਅਵੇ ਨੂੰ ਰੂਸ ਤੋਂ ਵੀ ਸਮਰਥਨ ਮਿਲਿਆ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਹਾਇਕ ਯੂਰੀ ਉਸਾਕੋਵ ਨੇ ਕਿਹਾ ਕਿ ਟਰੰਪ ਦੀ ਸਿੱਧੀ ਸ਼ਮੂਲੀਅਤ ਕਾਰਨ ਟਕਰਾਅ ਰੁਕ ਗਿਆ ਸੀ। ਉਨ੍ਹਾਂ ਕਿਹਾ ਕਿ ਟਰੰਪ ਅਤੇ ਪੁਤਿਨ ਵਿਚਕਾਰ ਹੋਈ ਫ਼ੋਨ ਕਾਲ ਵਿੱਚ ਵੀ ਇਸ ਮੁੱਦੇ 'ਤੇ ਚਰਚਾ ਹੋਈ ਸੀ।

## ਕੋਲੰਬੀਆ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਰਾਸ਼ਟਰਪਤੀ ਉਮੀਦਵਾਰ ਦੇ ਸਿਰ ਵਿੱਚ ਮਾਰੀ ਗੋਲੀ,ਹਾਲਤ ਗੰਭੀਰ

**ਬੋਗੋਟਾ।** ਦੱਖਣੀ ਅਮਰੀਕੀ ਦੇਸ਼ ਕੋਲੰਬੀਆ ਵਿੱਚ ਰਾਸ਼ਟਰਪਤੀ ਉਮੀਦਵਾਰ ਮਿਗੁਏਲ ਉਰੀਬੇ ਨੂੰ ਚੋਣ ਪ੍ਰਚਾਰ ਦੌਰਾਨ ਗੋਲੀ ਮਾਰ ਦਿੱਤੀ ਗਈ। ਉਨ੍ਹਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਹਾਲਤ ਨਾਜ਼ੁਕ ਬਣੀ ਹੋਈ ਹੈ। ਇਹ ਘਟਨਾ ਸਥਾਨਕ ਸਮੇਂ ਅਨੁਸਾਰ ਸ਼ਨੀਵਾਰ ਸ਼ਾਮ ਨੂੰ ਵਾਪਰੀ। ਜਾਣਕਾਰੀ ਅਨੁਸਾਰ, ਉਰੀਬੇ ਨੂੰ ਤਿੰਨ ਗੋਲੀਆਂ ਮਾਰੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਇੱਕ ਸਿਰ ਵਿੱਚ ਲੱਗੀ ਦੱਸੀ ਜਾ ਰਹੀ ਹੈ। ਉਰੀਬੇ ਰਾਜਧਾਨੀ ਬੋਗੋਟਾ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਕੋਲੰਬੀਆ ਵਿੱਚ 2026 ਵਿੱਚ ਰਾਸ਼ਟਰਪਤੀ ਚੋਣਾਂ ਹੋਣੀਆਂ



ਹਨ। ਮਿਗੁਏਲ ਉਰੀਬੇ ਨੂੰ ਰਾਸ਼ਟਰਪਤੀ ਅਹੁਦੇ ਦਾ ਇੱਕ ਵੱਡਾ ਦਾਅਵੇਦਾਰ ਮੰਨਿਆ ਜਾਂਦਾ ਹੈ। 39 ਸਾਲਾ ਉਰੀਬੇ ਵਿਰੋਧੀ ਸੈਂਟਰੋ ਡੈਮੋਕ੍ਰੇਟਿਕੋ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਹਨ। ਪਾਰਟੀ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਹਮਲਾਵਰ ਨੇ ਉਰੀਬੇ ਨੂੰ ਸੰਬੋਧਨ ਕਰਦੇ ਸਮੇਂ ਪਿੱਠ ਵਿੱਚ ਗੋਲੀ ਮਾਰ ਦਿੱਤੀ। ਬੋਗੋਟਾ ਦੇ ਮੇਅਰ ਕਾਰਲੋਸ ਗਾਲਾਨ ਨੇ ਕਿਹਾ ਕਿ ਹਮਲਾ ਸ਼ਹਿਰ ਦੇ ਫੋਂਟੀਬੋਨ ਖੇਤਰ ਵਿੱਚ ਹੋਇਆ। ਉਰੀਬੇ ਦੀ ਹਾਲਤ ਨੂੰ ਦੇਖਦੇ ਹੋਏ, ਸ਼ਹਿਰ ਭਰ ਦੇ ਹਸਪਤਾਲਾਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਪੁਲਿਸ ਨੇ ਦੋਸ਼ੀ ਹਮਲਾਵਰ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

## ਪੰਜਾਬ ਵਿੱਚ ਔਰਤਾਂ ਨੂੰ ਮੁਫ਼ਤ ਬੱਸ ਯਾਤਰਾ ਮਿਲਦੀ ਰਹੇਗੀ, ਟਰਾਂਸਪੋਰਟ ਮੰਤਰੀ ਨੇ ਕਿਹਾ - ਸਿਰਫ਼ ਨਕਲੀ ਆਧਾਰ ਕਾਰਡਾਂ ਦੀ ਜਾਂਚ ਕੀਤੀ ਜਾਵੇਗੀ

**ਚੰਡੀਗੜ੍ਹ ।** ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਵਿੱਚ ਔਰਤਾਂ ਲਈ ਮੁਫ਼ਤ ਬੱਸ ਸੇਵਾ 'ਤੇ ਪਾਬੰਦੀ ਦੀਆਂ ਅਟਕਲਾਂ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਔਰਤਾਂ ਨੂੰ ਪਹਿਲਾਂ ਵਾਂਗ ਆਧਾਰ ਕਾਰਡ ਦਿਖਾ ਕੇ ਮੁਫ਼ਤ ਯਾਤਰਾ ਦੀ ਸਹੂਲਤ ਮਿਲਦੀ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੇ ਇਸ ਯੋਜਨਾ ਨੂੰ ਰੋਕਣ ਦਾ ਕੋਈ ਫੈਸਲਾ ਨਹੀਂ ਲਿਆ ਹੈ।ਹਾਲਾਂਕਿ, ਮੰਤਰੀ ਨੇ ਮੰਨਿਆ ਕਿ ਜਾਅਲੀ ਆਧਾਰ ਕਾਰਡਾਂ ਦੇ ਮਾਮਲਿਆਂ ਵਿੱਚ ਵਾਧਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਦੇ ਮੱਦੇਨਜ਼ਰ, ਸਰਕਾਰ ਇਸ ਸਮੇਂ ਇੱਕ ਨਵੀਂ ਤਕਨੀਕ 'ਤੇ ਕੰਮ ਕਰ ਰਹੀ ਹੈ, ਤਾਂ ਜੋ ਆਧਾਰ ਕਾਰਡ ਦੀ ਪ੍ਰਮਾਣਿਕਤਾ ਦੀ ਜਾਂਚ ਬੱਸਾਂ ਵਿੱਚ ਹੀ ਮੌਕੇ 'ਤੇ ਕੀਤੀ ਜਾ ਸਕੇ।ਔਰਤਾਂ ਲਈ ਇਹ ਮੁਫ਼ਤ ਬੱਸ ਯਾਤਰਾ ਯੋਜਨਾ ਅਪ੍ਰੈਲ 2021 ਵਿੱਚ ਸ਼ੁਰੂ ਕੀਤੀ ਗਈ ਸੀ ਜਦੋਂ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਸੀ। ਇਸ ਤੋਂ ਬਾਅਦ, ਆਮ ਆਦਮੀ ਪਾਰਟੀ ਦੀ




ਸਰਕਾਰ ਆਉਣ ਤੋਂ ਬਾਅਦ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਇਸ ਯੋਜਨਾ ਦਾ ਵਿਸਥਾਰ ਕੀਤਾ ਗਿਆ। ਹੁਣ ਤੱਕ, ਲਗਭਗ 1.40 ਕਰੋੜ ਔਰਤਾਂ ਨੇ ਇਸ ਸਹੂਲਤ ਦਾ ਲਾਭ ਉਠਾਇਆ ਹੈ। ਟਰਾਂਸਪੋਰਟ ਵਿਭਾਗ ਦੇ ਅਨੁਸਾਰ, ਪੰਜਾਬ ਰੋਡਵੇਜ਼, ਪਨਬਸ ਅਤੇ ਪੀਆਰਟੀਸੀ ਦੀਆਂ ਆਮ ਬੱਸਾਂ ਵਿੱਚ ਰੋਜ਼ਾਨਾ 3 ਲੱਖ ਤੋਂ ਵੱਧ ਔਰਤਾਂ ਇਸ ਮੁਫ਼ਤ ਸੇਵਾ ਦਾ ਲਾਭ ਉਠਾ ਰਹੀਆਂ ਹਨ। ਹਾਲਾਂਕਿ, ਇਹ ਸਹੂਲਤ ਏਸੀ, ਵੋਲਵੋ ਅਤੇ ਹੋਰ ਪ੍ਰੀਮੀਅਮ ਬੱਸਾਂ ਵਿੱਚ ਲਾਗੂ ਨਹੀਂ ਹੈ। ਮੰਤਰੀ ਭੁੱਲਰ ਨੇ ਕਿਹਾ ਕਿ ਇਸ ਯੋਜਨਾ ਵਿੱਚ ਸਭ ਤੋਂ ਵੱਡੀ ਸਮੱਸਿਆ ਨਕਲੀ ਆਧਾਰ ਕਾਰਡਾਂ ਦੀ ਹੈ। ਕੁਝ ਥਾਵਾਂ 'ਤੇ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਲੋਕ ਨਕਲੀ ਆਧਾਰ ਕਾਰਡ ਦਿਖਾ ਕੇ ਯਾਤਰਾ ਕਰ ਰਹੇ ਸਨ। ਇਸ ਸਮੱਸਿਆ ਨਾਲ ਨਜਿੱਠਣ ਲਈ, ਸਰਕਾਰ ਡਿਜੀਟਲ ਵੈਰੀਫਿਕੇਸ਼ਨ ਤਕਨਾਲੋਜੀ 'ਤੇ ਕੰਮ ਕਰ ਰਹੀ ਹੈ, ਤਾਂ ਜੋ ਬੱਸ ਕੰਡਕਟਰ ਮੌਕੇ 'ਤੇ ਹੀ ਆਧਾਰ ਕਾਰਡ ਦੀ ਪ੍ਰਮਾਣਿਕਤਾ ਦੀ ਜਾਂਚ ਕਰ ਸਕਣ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਾਬਾ ਸਾਹਿਬ ਦੇ ਬੁੱਤ ਦੇ ਮਾਮਲੇ 'ਚ ਜਸਵੀਰ ਸਿੰਘ ਗੜ੍ਹੀ ਕਰਨਗੇ 10 ਜੂਨ ਨੂੰ ਫਿਲੌਰ ਦਾ ਦੌਰਾ

**ਚੰਡੀਗੜ੍ਹ।** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ 10 ਜੂਨ 2025 ਦਿਨ ਮੰਗਲਵਾਰ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਬੇਹੁਰਮਤੀ ਦੇ ਮਾਮਲੇ ਦੀ ਜਾਂਚ ਕਰਨ ਲਈ ਨੰਗਲ ਗੇਟ ਫਿਲੌਰ ਦਾ ਦੌਰਾ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਫਿਲੌਰ ਦੇ ਨੰਗਲ ਗੇਟ ਵਿਖੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੀ ਦੂਸਰੇ ਵਾਰ ਹੋਈ ਬੇਹੁਰਮਤੀ ਦੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਜਿਸ ਲਈ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਘਟਨਾ ਸਥਾਨ ਦਾ ਦੌਰਾ ਕਰਕੇ ਬੁੱਤ ਦੀ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾਵੇਗਾ। ਬੁਲਾਰੇ ਨੇ ਦੱਸਿਆ ਕਿ ਫਿਲੌਰ ਦੇ ਨੰਗਲ ਗੇਟ ਵਿਖੇ ਸਥਿਤ ਬਾਬਾ



ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੂਸਰੀ ਵਾਰ ਹੋਈ ਬੇਹੁਰਮਤੀ ਦੇ ਮਾਮਲੇ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਲੋਂ ਪੰਜਾਬ ਦੇ ਡਾਇਰੈਕਟ ਜਨਰਲ ਆਫ਼ ਪੁਲਿਸ ਤੋਂ ਵੀ 13 ਜੂਨ 2025 ਨੂੰ ਰਿਪੋਰਟ ਤਲਬ ਕੀਤੀ ਗਈ ਹੈ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੇ ਮਹਿਲਾ ਤੇ ਉਸਦੇ ਪਤੀ ’ਤੇ FIR ਦਰਜ, ਹਿਮਾਚਲ ਪੁਲਿਸ ਗ੍ਰਿਫ਼ਤਾਰ ਕਰਨ ਪਹੁੰਚੀ ਮੁਹਾਲੀ



**ਮੁਹਾਲੀ।** ਅੱਜ ਪਾਸਟਰ ਬਜਿੰਦਰ ਨੂੰ ਸਜ਼ਾ ਕਰਾਉਣ ਵਾਲੀ ਮਹਿਲਾ ਅਤੇ ਉਸਦੇ ਪਤੀ ’ਤੇ ਫ਼ੀ੍ ਦਰਜ ਕੀਤੀ ਹੈ। ਉਸ ਤੋਂ ਬਾਅਦ ਹਿਮਾਚਲ ਪੁਲਿਸ ਨੇ ਉਨ੍ਹਾਂ ਦੇ ਘਰ ਛਾਪੇਮਾਰੀ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸਣ ਯੋਗ ਹੈ ਕਿ ਮਹਿਲਾ ਦੇ ਪਤੀ ਖ਼ਿਲਾਫ਼ ਹਿਮਾਚਲ ਦੇ ਮੰਡੀ ਵਿਚ ਗੈਂਗਰੇਪ ਦਾ ਪਰਚਾ ਦਰਜ ਹੋਇਆ ਹੈ। ਜਿਸ ਕਾਰਨ ਹਿਮਾਚਲ ਪੁਲਿਸ ਵਲੋਂ ਪਤੀ ਪਤਨੀ ਨੂੰ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗ੍ਰਿਫ਼ਤਾਰੀ ਤੋਂ ਬਾਅਦ ਮਹਿਲਾ ਦੇ ਪਤੀ ਰੋਕੀ ਨੇ ਕਿਹਾ ਕਿ ਉਨ੍ਹਾਂ ਨੂੰ ਗ਼ਲਤ ਢੰਗ ਨਾਲ ਫਸਾਇਆ ਜਾ ਰਿਹਾ ਹੈ। ਜਿਸ ਦਿਨ ਮਾਮਲਾ ਦਰਜ ਹੋਇਆ ਉਹ ਮੰਡੀ ਵਿਚ ਹੀ ਨਹੀਂ ਸੀ। ਉਸ ਨੇ ਕਿਹਾ ਕਿ ਇਹ ਸਾਰੀ ਸ਼ਰਾਰਤ ਪਾਸਟਰ ਬਜਿੰਦਰ ਦੀ ਹੈ ਜਿਹੜਾ ਪੈਸੇ ਦੀ ਤਾਕਤ ਦੇ ਸਿਰ ਤੇ ਹਿਮਾਚਲ ਪੁਲਿਸ ਨੂੰ ਖਰੀਦ ਰਿਹਾ ਹੈ। ਉਹ ਸਾਡੇ ਕੋਲੋਂ ਇਸ ਲਈ ਬਦਲਾ ਲੈਣਾ ਚਾਹੁੰਦਾ ਹੈ ਕਿਉਂਕਿ ਅਸੀਂ ਉਸ ਨੂੰ ਜੇਲ ਦੀਆਂ ਸਲਾਖਾਂ ਦੇ ਪਿੱਛੇ ਪਹੁੰਚਾਇਆ ਹੈ। ਪੀੜਤ ਪਤੀ ਪਤਨੀ ਨੇ ਹਿਮਾਚਲ ਦੇ ਡੀਜੀਪੀ ਨੂੰ ਅਤੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿ ਇਨਸਾਫ਼ ਲਈ ਚਿੱਠੀਆਂ ਵੀ ਲਿਖੀਆਂ ਹਨ। ਪੀੜਤ ਨੇ ਕਿਹਾ ਕਿ ਇਸ ਮਾਮਲੇ ਦੀ ਬਰੀਕੀ ਦੇ ਨਾਲ ਜਾਂਚ ਕੀਤੀ ਜਾਵੇ ਜੋ ਕਿ ਸਾਡੇ ਉੱਪਰ ਝੂਠੀ ਕਾਰਵਾਈ ਹੋਈ ਹੈ।

# ਲੁਧਿਆਣਾ ’ਚ ਆਈਸਕ੍ਰੀਮ ਖਾਂਦੇ ਸਮੇਂ ਵਿਚੋਂ ਨਿਕਲੀ ਛਿਪਕਲੀ, ਸੱਤ ਸਾਲਾਂ ਬੱਚਾ ਹਸਪਤਾਲ ’ਚ ਦਾਖ਼ਲ

**ਲੁਧਿਆਣਾ।** ਲੁਧਿਆਣਾ ਦੇ ਗਿਆਸਪੁਰਾ ਦੇ ਸੁੰਦਰ ਨਗਰ ’ਚ ਆਈਸਕ੍ਰੀਮ ਵਿੱਚ ਛਿਪਕਲੀ ਮਿਲਣ ਤੋਂ ਬਾਅਦ ਹੰਗਾਮਾ ਹੋ ਗਿਆ। ਇੱਕ ਸੱਤ ਸਾਲ ਦੇ ਬੱਚੇ ਨੇ ਗਲੀ ਵਿਚ ਆਈਸਕ੍ਰੀਮ ਵਿਚੇਣ ਵਾਲੇ ਤੋਂ 20 ਰੁਪਏ ਦੀਆਂ ਦੋ ਚੋਕੋ ਬਾਰ ਕੁਲਫ਼ੀਆਂ ਖ਼੍ਰੀਦੀਆਂ ਸਨ। ਜਦੋਂ ਬੱਚਾ ਕਟੋਰੀ ਵਿਚ ਆਈਸਕ੍ਰੀਮ ਰੱਖ ਕੇ ਖਾ ਰਿਹਾ ਸੀ, ਤਾਂ ਉਸ ਨੇ ਕਟੋਰੀ ਵਿਚ ਇੱਕ ਛਿਪਕਲੀ ਦੇਖੀ ਅਤੇ ਤੁਰੰਤ ਅਪਣੇ ਘਰ ਵਾਲਿਆਂ ਨੂੰ ਦਸਿਆ। ਘਟਨਾ ਤੋਂ ਬਾਅਦ, ਸਥਾਨਕ ਲੋਕਾਂ ਨੇ ਆਈਸਕ੍ਰੀਮ ਵੇਚਣ ਵਾਲੇ ਨੂੰ ਫੜ ਲਿਆ। ਹਾਲਾਂਕਿ, ਵੇਚਣ ਵਾਲੇ ਨੇ ਇਹ ਕਹਿ ਕੇ ਆਪਣਾ ਬਚਾਅ ਕੀਤਾ ਕਿ ਆਈਸਕ੍ਰੀਮ ਕੰਪਨੀ ਤੋਂ ਪੈਕ ਕੀਤੀ ਜਾਂਦੀ ਹੈ। ਬੱਚੇ ਦੀ ਦਾਦੀ ਦੇ ਕਹਿਣ ਦੇ ਬਾਵਜੂਦ, ਵੇਚਣ ਵਾਲਾ ਇਲਾਕੇ



ਵਿੱਚ ਆਈਸ ਕਰੀਮ ਵੇਚਦਾ ਰਿਹਾ, ਜਿਸ ਤੋਂ ਬਾਅਦ ਸਥਾਨਕ ਲੋਕਾਂ ਨੇ ਉਸਨੂੰ ਦੁਬਾਰਾ ਫੜ ਲਿਆ। ਸਿਹਤ ਵਿਭਾਗ ਦੇ ਡੀਐਚਓ ਨੇ ਕਿਹਾ ਹੈ ਕਿ ਅੱਜ ਆਈਸਕ੍ਰੀਮ ਦੇ ਨਮੂਨੇ ਇਕੱਠੇ ਕੀਤੇ ਜਾਣਗੇ। ਗਿਆਸਪੁਰਾ ਦੇ ਸੁੰਦਰ ਨਗਰ ਦੇ ਨਿਵਾਸੀ ਨਰਿੰਦਰ ਕੁਮਾਰ ਨੇ ਕਿਹਾ ਕਿ ਇੱਕ ਵਿਅਕਤੀ ਮਿਲਕ ਬੈੱਲ ਨਾਮਕ ਇੱਕ ਗੱਡੀ ਵਿੱਚ ਆਈਸ ਕਰੀਮ ਵੇਚ ਰਿਹਾ ਸੀ। ਬੱਚੇ ਨੇ ਆਈਸਕ੍ਰੀਮ ਖ਼ਰੀਦੀ। ਆਈਸਕ੍ਰੀਮ ਖਾਂਦੇ ਸਮੇਂ, ਕਟੋਰੇ ਵਿੱਚ ਇੱਕ ਛਿਪਕਲੀ ਦਿਖਾਈ ਦਿੱਤੀ। ਬੱਚੇ ਦੀ ਹਾਲਤ ਨਾ ਵਿਗੜੇ ਇਸ ਲਈ ਇਸ ਲਈ ਉਸਨੂੰ ਤੁਰਤ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਜਿੱਥੇ ਉਸਦੀ ਹਾਲਤ ਹੁਣ ਠੀਕ ਹੈ। ਫਿਲਹਾਲ ਥਾਣਾ ਡਾਬਾ ਵਿੱਚ ਆਈਸਕ੍ਰੀਮ ਗੱਡੀ ਨੂੰ ਜਮ੍ਹਾਂ ਕਰਵਾ ਕੇ ਸ਼ਿਕਾਇਤ ਦਰਜ ਕਰਵਾਈ ਗਈ ਹੈ।

ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕੀਤੀ ਜਾਵੇਗੀ :ਸਿਵਲ ਸਰਜਨ

ਇਸ ਮਾਮਲੇ ਵਿੱਚ ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਕਿਹਾ ਕਿ ਹਾਲਾਂਕਿ ਡੀਐਚਓ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨਗੇ, ਪਰ ਫਿਰ ਵੀ ਮੈਂ ਆਪਣੇ ਪੱਧਰ ’ਤੇ ਜੋ ਵੀ ਕਾਰਵਾਈ ਜ਼ਰੂਰੀ ਹੋਵੇਗੀ ਉਹ ਜ਼ਰੂਰ ਕਰਾਂਗਾ। ਲੋਕਾਂ ਦੀ ਸਿਹਤ ਨਾਲ ਖਿਲਵਾੜ ਨਹੀਂ ਹੋਣ ਦਿੱਤਾ ਜਾਵੇਗਾ।

# ਵੈਨਕੂਵਰ ਚ ਵਾਪਰੇ ਕਿਸਤੀ ਹਾਦਸੇ ਚ ਇੱਕ ਬੱਚੇ ਦੀ ਮੌਤ -ਇੱਕ ਗੰਭੀਰ ਜਖਮੀ

**ਵੈਨਕੂਵਰ (ਮਲਕੀਤ ਸਿੰਘ)–** ਨੌਰਥ ਵੈਨਕੂਵਰ ਦੇ ਕੈਟਰਸ ਪਾਰਕ ਨੇੜਲੇ ਇੱਕ ਬੀਚ ਤੇ ਵਾਪਰੇ ਇੱਕ ਕਿਸ਼ਤੀ ਹਾਦਸੇ ਵਿੱਚ ਇੱਕ ਬੱਚੇ ਦੀ ਮੌਤ ਅਤੇ ਦੂਸਰੇ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਸੂਚਨਾ ਹੈ। ਪ੍ਰਾਪਤ ਵੇਰਵਿਆਂ ਮੁਤਾਬਿਕ ਬੀਚ ਦੇ ਕੰਢੇ ਨੇੜੇ ਇਨਫੈਂਟਬਲ ਟਿਊਬ ਤੇ ਦੋ ਬੱਚੇ ਸਵਾਰੀ ਕਰ ਰਹੇ ਸਨ ਕਿ ਅਚਾਨਕ ਇਸ ਦੌਰਾਨ ਤੇਜ ਰਫਤਾਰ ਕਿਸ਼ਤੀ ਉਹਨਾਂ ਦੀ ਟਿਊਬ ਨਾਲ ਜਾ ਟਕਰਾਈ ਜਿਸ ਦੇ ਸਿੱਟੇ ਵਜੋਂ ਡੂੰਘੀਆਂ ਸੱਟਾਂ ਲੱਗਣ ਕਾਰਨ ਟਿਊਬ ਤੇ ਸਵਾਰ ਇੱਕ 11 ਸਾਲਾ ਬੱਚੇ ਦੀ ਮੌਕੇ ਤੇ ਮੌਤ ਹੋ ਗਈ ਜਦੋਂ ਕਿ ਦੂਸਰਾ ਬੱਚਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਮੌਕੇ ਤੇ ਪੁੱਜੀ ਪੁਲਿਸ ਵੱਲੋਂ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

# ਹਰਿਆਣਾ ਦੇ ਭਿਵਾਨੀ ਵਿੱਚ ਪਿਓ ਨੇ ਪੁੱਤ ਅਤੇ ਧੀ ਦਾ ਕੀਤਾ ਕਤਲ, ਖ਼ੁਦ ਵੀ ਨਿਗਲਿਆ ਜ਼ਹਿਰੀਲਾ ਪਦਾਰਥ

**ਭਿਵਾਨੀ।** ਹਰਿਆਣਾ ਦੇ ਭਿਵਾਨੀ ਦੇ ਧਨਾਨਾ ਪਿੰਡ ਵਿੱਚ ਇੱਕ ਵਿਅਕਤੀ ਨੇ ਆਪਣੇ ਪੁੱਤਰ ਅਤੇ ਧੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਖ਼ੁਦ ਵੀ ਜ਼ਹਿਰੀਲਾ ਪਦਾਰਥ ਖਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਹਾਲਤ ਵਿਗੜਦੀ ਵੇਖ ਉਸ ਨੂੰ ਇਲਾਜ ਲਈ ਜ਼ਿਲ੍ਹਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਇੱਥੇ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਬਸੰਤ, ਲਗਭਗ ਸਾਢੇ 17 ਸਾਲ ਅਤੇ ਆਰੂਸ਼ੀ, ਲਗਭਗ ਸਾਢੇ 16 ਸਾਲ ਵਜੋਂ ਹੋਈ ਹੈ, ਜੋ ਧਨਾਨਾ ਪਿੰਡ ਦੇ ਵਸਨੀਕ ਹਨ। ਦੋਵੇਂ 12ਵੀਂ ਜਮਾਤ ਵਿੱਚ ਪੜ੍ਹ ਰਹੇ ਸਨ। ਪਹਿਲਾਂ ਪਿਤਾ ਨੇ ਦੋਵਾਂ ਬੱਚਿਆਂ ਨੂੰ ਜ਼ਹਿਰੀਲਾ ਪਦਾਰਥ ਦਿੱਤਾ ਤਾਂ ਜੋ ਉਹ ਬਚ ਨਾ ਸਕਣ। ਇਸ ਤੋਂ ਬਾਅਦ ਉਸਨੇ ਉਨ੍ਹਾਂ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ।



# ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਸਾਫ਼, ਹਲਕੇ ਦਾ ਪੂਰਨ ਤੌਰ 'ਤੇ ਹੋਵੇਗਾ ਵਿਕਾਸ : ਐਡਵੋਕੇਟ ਘੁੰਮਣ






**ਹਲਕਾ ਪੱਛਮੀ ਦੇ ਵੱਖ ਇਲਾਕਿਆਂ ਵਿੱਚ ਚੋਣ ਪ੍ਰਚਾਰ ਕਰ ਰਹੇ ਸ੍ਰੋਅਦ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਅਤੇ ਉਨ੍ਹਾਂ ਦੇ ਸਮਰਥਕ।**

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਲੁਧਿਆਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਜੰਗ ਵਿੱਚ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਚੋਣ ਮੁਹਿਮ ਦੌਰਾਨ ਵੱਡੀ ਬਿਆਨਬਾਜ਼ੀ ਨਾਲ ਕਈ ਮੁੱਦੇ ਉਠਾਏ ਹਨ। ਉਨ੍ਹਾਂ ਨੇ ਕਾਂਗਰਸ ਅਤੇ ਦਿੱਲੀ ਸਰਕਾਰ 'ਤੇ ਸਿੱਖ ਵਿਰੋਧੀ ਤੇ ਹੰਕਾਰਪੂਰਕ ਨੀਤੀਆਂ ਦੀ ਨਿੰਦਾ ਕੀਤੀ। ਐਡਵੋਕੇਟ ਘੁੰਮਣ ਨੇ ਕਿਹਾ ਕਿ ਉਹ ਹਲਕਾ ਪੱਛਮੀ ਦੇ ਲੋਕਾਂ ਦੀ ਆਵਾਜ਼ ਪੂਰਨ ਤੌਰ ਤੇ ਬੁਲੰਦ ਕਰਕੇ ਇਲਾਕੇ ਦਾ ਵਿਕਾਸ ਕਰਵਾਉਣਗੇ। ਐਡਵੋਕੇਟ ਘੁੰਮਣ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਏਜੰਡਾ ਹਲਕੇ ਦੀ ਹਰ ਸਮੱਸਿਆ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣਾ, ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਦਾ ਸੁਧਾਰ ਹੋਵੇਗੀ। ਉਨ੍ਹਾਂ ਨੇ ਵਾਅਦਾ ਕੀਤਾ ਕਿ ਕਿਸਾਨਾਂ ਦੀ ਜ਼ਮੀਨ ਨੂੰ ਸੁਰੱਖਿਅਤ ਰੱਖਿਆ ਜਾਵੇਗਾ ਅਤੇ ਕਿਸੇ ਵੀ ਭੂਮਾਫੀਆ ਜਾਂ ਦਿੱਲੀ ਤੋਂ ਆਏ ਭਗੌੜੇ ਬਿਲਡਰਾਂ ਨੂੰ ਪਿੰਡਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜਿੱਥੇ 'ਆਪ' ਦੀ ਸਰਕਾਰ ਝੂਠੀ ਤੇ ਨਿਕੰਮੀ ਸਰਕਾਰ ਹੈ, ਉੱਥੇ ਕਾਂਗਰਸ ਦੀ ਸਰਕਾਰ ਸਿੱਖ ਵਿਰੋਧੀ ਸਰਕਾਰ ਹੈ। ਐਡਵੋਕੇਟ ਘੁੰਮਣ ਨੇ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲੋਕ ਹਿਤੈਸ਼ੀ ਅਤੇ ਵਿਕਾਸ ਲੋਹ ਪਾਰਟੀ ਹੈ ਜਿਸ ਦਾ ਨਿਸ਼ਾਨਾ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਵੱਲ ਲੈ ਕੇ ਜਾਣਾ ਹੈ । ਸਿਆਸੀ ਵਿਰੋਧੀਆਂ ਦੇ ਝੂਠੇ ਦਾਅਵਿਆਂ ਨੂੰ ਅਣਦੇਖਾ ਕਰਦਿਆਂ, ਐਡਵੋਕੇਟ ਘੁੰਮਣ ਨੇ ਲੋਕਾਂ ਨੂੰ ਵਿਸ਼ਵਾਸ ਦੇਂਦਿਆਂ ਕਿਹਾ ਕਿ ਉਹ ਆਪਣੀ ਨੀਤੀਆਂ ਅਤੇ ਪ੍ਰਚਾਰ ਦੇ ਜ਼ਰੀਏ ਹਲਕੇ ਦੀ ਭਲਾਈ ਲਈ ਕੰਮ ਕਰਨਗੇ। ਹਲਕਾ ਪੱਛਮੀ ਦੇ ਵਾਸੀਆਂ ਵੱਲੋਂ ਐਡਵੋਕੇਟ ਘੁੰਮਣ ਦੀ ਇਸ ਸਪਸ਼ਟ ਅਤੇ ਤਗੜੀ ਰਣਨੀਤੀ ਦਾ ਸਵਾਗਤ ਕੀਤਾ ਜਾ ਰਿਹਾ ਹੈ। ਲੋਕ ਉਮੀਦ ਕਰ ਰਹੇ ਹਨ ਕਿ ਇਸ ਵਾਰ ਸੱਚੇ ਵਿਕਾਸ ਅਤੇ ਹਲਕੇ ਦੇ ਹੱਕ ਲਈ ਵਿੱਢੀ ਗਈ ਚੋਣ ਜੰਗ ਵਿੱਚ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿੱਚ ਵੋਟ ਕਰਕੇ ਵੱਡੀ ਜਿੱਤੀ ਜਾਵੇਗੀ।

# ਤਰਕਸ਼ੀਲ ਸੋਚ ਸਮਾਜ ਦੀ ਅਸਲ ਲੋੜ

ਅਸੀਂ ਇੱਕ ਅਜਿਹੇ ਸਮਾਜ ਵਿੱਚ ਰਹਿ ਰਹੇ ਹਾਂ। ਜਿੱਥੇ ਅਕਸਰ ਗੱਲਾਂ ਤਰਕ ਨਾਲ ਨਹੀਂ, ਸਗੋਂ ਭੀੜ ਦੀ ਸੋਚ ਨਾਲ ਕੀਤੀਆਂ ਜਾਂਦੀਆਂ ਹਨ। ਜਿੱਥੇ ਲੋਕ ਸੱਚ ਦੇ ਪਿੱਛੇ ਨਹੀਂ ਜਾਂਦੇ, ਸਗੋਂ ਜੋ ਸਭ ਕਰ ਰਹੇ ਨੇ, ਉਹੀ ਕਰਨਾ ਚੰਗਾ ਸਮਝਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਕੱਢਣ ਦਾ ਰਾਹ ਹੈ ।ਤਰਕਸ਼ੀਲਤਾ। ਤਰਕਸ਼ੀਲ ਹੋਣਾ ਮਤਲਬ ਹੈ ਕਿਸੇ ਵੀ ਗੱਲ ਨੂੰ ਮਨਣ ਤੱਕ ਲੈ ਜਾਣਾ, ਸੋਚਣਾ, ਪਰਖਣਾ ਅਤੇ ਤੱਥਾਂ ਦੇ ਆਧਾਰ 'ਤੇ ਫੈਸਲਾ ਲੈਣਾ। ਅੰਧ ਵਿਸ਼ਵਾਸ, ਝੂਠੀ ਰੀਤੀ ਰਿਵਾਜ਼, ਜਾਂ ਸਿਰਫ਼ ਸਦੀਆਂ ਤੋਂ ਚੱਲੇ ਆ ਰਹੇ ਹਨ ।ਰਿਵਾਜਾਂ ਨੂੰ ਤੱਤ ਸਮਝ ਕੇ ਮੰਨ ਲੈਣਾ। ਇਹ ਅਸਲ ਵਿਚ ਮੂਰਖਤਾ ਦੀ ਹੈ। ਔਜਕੇ ਸਮੇਂ ਕਈ ਲੋਕ ਇਹਨਾਂ ਹੀ ਗੱਲਾਂ ਦਾ ਫਾਇਦਾ ਉਠਾਉਂਦੇ ਹਨ। ਅਸੀਂ ਆਪਣੇ ਸਮਾਜ ਵਿਚ ਵੇਖਦੇ ਹਾਂ ਕਿ ਕਈ ਥਾਵਾਂ ਤੇ ਲੋਕ ਅਸਲੀ ਦਵਾਈ ਦੀ ਥਾਂ ਢੌਂਗੀ ਬਾਬਿਆਂ ਕੋਲ ਜਾਂਦੇ ਹਨ। ਕਿਸੇ ਦੀ ਮੌਤ ਹੋ ਜਾਵੇ, ਤਾਂ ਕਈ ਥਾਵਾਂ ਤੇ ਇਸਨੂੰ ਭੂਤ-ਪ੍ਰੇਤ ਦਾ ਸਾਇਆ ਕਹਿ ਦਿੰਦੇ ਹਨ। ਇਸ ਤਰ੍ਹਾਂ ਦੀ ਸੋਚ, ਸਮਾਜ ਨੂੰ ਅੱਗੇ ਨਹੀਂ ਵਧਾਉਂਦੀ। ਇਹ ਰੋਕ ਦਿੰਦੀ ਹੈ। ਤਰਕਸ਼ੀਲਤਾ ਦੀ ਸ਼ੁਰੂਆਤ ਸਿੱਖਿਆ ਤੋਂ ਹੁੰਦੀ ਹੈ। ਜਦ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਵਾਲ ਪੁੱਛਣ ਦੀ ਆਜ਼ਾਦੀ ਮਿਲੇ, ਤੇ ਉਹਨਾਂ ਨੂੰ ਸਿਖਾਇਆ ਜਾਵੇ ਕਿ ਹਰ ਗੱਲ ਦਾ ਤੱਥ ਹੁੰਦਾ ਹੈ। ਉਦੋਂ ਹੀ ਇੱਕ ਤਰਕਸ਼ੀਲ ਪੀੜ੍ਹੀ ਤਿਆਰ ਹੋਵੇਗੀ। ਨੌਜਵਾਨਾਂ ਵਿੱਚ ਤਰਕਸ਼ੀਲਤਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਉਹ ਦੌਰ ਹੁੰਦਾ ਹੈ ਜਿੱਥੇ ਮਨੁੱਖ ਆਪਣੇ ਫੈਸਲੇ ਖ਼ੁਦ ਲੈਂਦਾ ਹੈ। ਜੇ ਅਸੀਂ ਨੌਜਵਾਨਾਂ ਵਿੱਚ ਹੀ ਸੋਚਣ, ਸਮਝਣ ਅਤੇ ਤਰਕ ਕਰਨ ਦੀ ਆਦਤ ਪਾ ਲਈ, ਤਾਂ ਨਾ ਸਿਰਫ਼ ਆਪਣਾ ਜੀਵਨ, ਸਗੋਂ ਪੂਰਾ ਸਮਾਜ ਬਦਲ ਸਕਦੇ ਹਾਂ। ਤਰਕਸ਼ੀਲਤਾ ਕਦੇ ਵੀ ਸਿਰਫ਼ ਧਰਮ ਜਾਂ ਰੀਤੀਆਂ ਦਾ ਵਿਰੋਧ ਨਹੀਂ, ਇਹ ਤਾਂ ਸਚ ਦੀ ਪਿੱਛਾ ਹੈ। ਇਹ ਮਨੁੱਖੀ ਅਧਿਕਾਰ ਹੈ। ਸੋਚਣ ਦਾ, ਜਾਣਨ ਦਾ, ਤੇ ਫੈਸਲਾ ਕਰਨ ਦਾ। ਜੇ ਅਸੀਂ ਇੱਕ ਤਰਕਸ਼ੀਲ ਸਮਾਜ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਪੜ੍ਹਨ ਨਾਲ ਜ਼ਿਆਦਾ ਸੋਚਣਾ ਸਿੱਖਣਾ ਪਵੇਗਾ।

**ਮੰਜੂ ਰਾਇਕਾ।**
**ਭਿੰਡਰਾਂ (ਸੰਗਰੂਰ)**
**ਮੋ ਨੰਬਰ:-7626053712**

# ਸ਼੍ਰੀ ਮੁਕਤਸਰ ਸਾਹਿਬ ਤੋਂ ਤਿੰਨ ਕਥਿਤ ਅਪਰਾਧੀ ਗ੍ਰਿਫ਼ਤਾਰ; 174 ਗ੍ਰਾਮ ਹੈਰੋਇਨ, ਦੋ ਪਿਸਤੌਲ ਬਰਾਮਦ

## ਆਪਣੇ ਵਿਰੋਧੀ ਨੂੰ ਖਤਮ ਕਰਨ ਦੀ ਯੋਜਨਾ ਬਣਾ ਰਹੇ ਸਨ ਗ੍ਰਿਫ਼ਤਾਰ ਕੀਤੇ ਮੁਲਜ਼ਮ : ਡੀਜੀਪੀ ਗੌਰਵ ਯਾਦਵ





**ਸ੍ਰੀ ਮੁਕਤਸਰ ਸਾਹਿਬ ।** ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਪੰਜਾਬ ਨੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਤਿੰਨ ਕਥਿਤ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ .32 ਬੋਰ ਪਿਸਤੌਲਾਂ ਸਮੇਤ 10 ਜ਼ਿੰਦਾ ਕਾਰਤੂਸ ਅਤੇ 174 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੌਰਵ ਬਿੱਲਾ, ਵਿਕਾਸਦੀਪ ਸਿੰਘ ਅਤੇ ਲਵਪ੍ਰੀਤ ਸਿੰਘ, ਸਾਰੇ ਵਾਸੀ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ । ਤਿੰਨੋਂ ਮੁਲਜ਼ਮ ਬੀ.ਐਨ.ਐਸ. ਤੇ ਅਸਲਾ ਐਕਟ ਤਹਿਤ ਗੰਭੀਰ ਅਪਰਾਧਾਂ ਸਮੇਤ ਕਈ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦੇ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਗੌਰਵ ਉਰਫ਼ ਬਿੱਲਾ ਪੁਲਿਸ ਸਟੇਸ਼ਨ ਸਿਟੀ ਮਲੋਟ ਵਿਖੇ ਦਰਜ ਇੱਕ ਮਾਮਲੇ ਵਿੱਚ ਭਗੌੜਾ ਸੀ ਜਦਕਿ ਵਿਕਾਸਦੀਪ ਸਿੰਘ ਤੇ ਲਵਪ੍ਰੀਤ ਸਿੰਘ ਪੁਲਿਸ ਸਟੇਸ਼ਨ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਕਈ ਮਾਮਲਿਆਂ ਵਿੱਚ ਲੋੜੀਂਦੇ ਸਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਤਿੰਨੋਂ ਅਪਰਾਧੀ ਆਪਣੇ ਕਿਸੇ ਵਿਰੋਧੀ ਨੂੰ ਖਤਮ ਕਰਨ ਦੀ ਯੋਜਨਾ ਬਣਾ ਰਹੇ ਸਨ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏ.ਜੀ.ਟੀ.ਐਫ. ਪ੍ਰਮੋਦ ਬਾਨ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਤਿੰਨੋਂ ਮੁਲਜ਼ਮਾਂ ਨੂੰ ਫਲਾਈਓਵਰ ਬ੍ਰਿਜ ਹੇਠਾਂ ਇੱਕ ਪੋਲੀਥੀਨ ਬੈਗ ਫ਼ਰੋਲ਼ਦਿਆਂ ਦੇਖਿਆ । ਪੁਲਿਸ ਨੂੰ ਦੇਖ ਕੇ ਮੁਲਜ਼ਮਾਂ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਦੀ ਮੁਸਤੈਦੀ ਸਦਕਾ ਮੁਲਜ਼ਮਾਂ ਨੂੰ ਜੀਟੀ ਰੋਡ ਬਠਿੰਡਾ ਚੌਂਕ ਮਲੋਟ ਨੇੜੇ ਕਾਬੂ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਉਕਤਾਂ ਦੀ ਤਲਾਸ਼ੀ ਲੈਣ 'ਤੇ ਪੁਲਿਸ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ ਤੇ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਹਨ।

(ਐਸਐਸਪੀ) ਸ੍ਰੀ ਮੁਕਤਸਰ ਸਾਹਿਬ ਅਖਿਲ ਚੌਧਰੀ ਨੇ ਦੱਸਿਆ ਕਿ ਇਸ ਸਬੰਧੀ ਚ ਐਨਡੀਪੀਐਸ ਐਕਟ ਦੀ ਧਾਰਾ 21(ਬੀ) ਤੇ ਅਸਲਾ ਐਕਟ ਦੀ ਧਾਰਾ 25 ਅਤੇ 27 ਤਹਿਤ ਥਾਣਾ ਸਿਟੀ ਮਲੋਟ ਵਿਖੇ ਇੱਕ ਨਵਾਂ ਕੇਸ ਐਫਆਈਆਰ ਨੰਬਰ 92 ਮਿਤੀ 07.06.2025 ਨੂੰ ਦਰਜ ਕੀਤਾ ਗਿਆ ਹੈ। ਇਸ ਸਬੰਧੀ ਹੋਰ ਅਪਰਾਧਿਕ ਕੜੀਆਂ ਅਤੇ ਸਾਥੀਆਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜੀਵ ਵਿਕਾਸ ਅਤੇ ਮਨੁੱਖ ਦੀ ਉਤਪਤੀ ਕਰੋੜਾਂ ਸਾਲਾਂ ਦੀ ਪ੍ਰਕਿਰਿਆ ਦਾ ਨਤੀਜਾ - ਰਾਜਪਾਲ ਬਠਿੰਡਾ

## ਗੁਰਪ੍ਰੀਤ ਆਰਟਿਸਟ ਨੇ ਵਿਦਿਆਰਥੀਆਂ ਨੂੰ ਕਲਾ ਦੇ ਮਹੱਤਵ ਤੋਂ ਸਿੱਖਿਅਤ ਕੀਤਾ




**ਬਰਨਾਲਾ।** ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਿੰਨ ਰੋਜ਼ਾ ਦੂਜੇ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦੇ ਦੂਜੇ ਦਿਨ ਪੰਜਾਬ ਦੇ ਨਾਮਵਰ ਵਿਸ਼ਾ ਮਾਹਿਰਾਂ ਵੱਲੋਂ ਵਿਦਿਆਰਥੀਆਂ ਨੂੰ ਜੀਵ ਵਿਕਾਸ ਦਾ ਸਿਧਾਂਤ, ਜ਼ਿੰਦਗੀ ਵਿੱਚ ਕਲਾ ਦਾ ਮਹੱਤਵ, ਮਿਆਰੀ ਸਾਹਿਤ ਪੜ੍ਹਨ ਦੀ ਚੇਟਕ ਅਤੇ ਨਸ਼ਿਆਂ ਤੋਂ ਕਿਵੇਂ ਬਚੀਏ ਆਦਿ ਮਹੱਤਵਪੂਰਨ ਵਿਸ਼ਿਆਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਪਹਿਲੇ ਸੈਸ਼ਨ ਦੇ ਵਿਸ਼ੇਸ਼ ਬੁਲਾਰੇ ਉੱਘੇ ਸਾਹਿਤਕਾਰ ਅਤੇ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਬਠਿੰਡਾ ਨੇ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਇਸ ਧਰਤੀ ਉੱਤੇ ਜੀਵ ਵਿਕਾਸ ਕਰੋੜਾਂ ਸਾਲਾਂ ਦੀ ਵਿਗਿਆਨਕ ਅਤੇ ਕੁਦਰਤੀ ਪ੍ਰਕਿਰਿਆ ਦਾ ਨਤੀਜਾ ਹੈ ਅਤੇ ਸਾਰੇ ਹੀ ਜੀਵ ਜੰਤੂ,ਪੌਦੇ ਅਤੇ ਖੁਦ ਮਨੁੱਖ ਵੀ ਜੀਵ ਵਿਕਾਸ ਦੀ ਇਸੇ ਹੀ ਪ੍ਰਕਿਰਿਆ 'ਚੋ ਹੋਂਦ ਵਿੱਚ ਆਏ ਹਨ। ਉਨ੍ਹਾਂ ਨੇ ਐਨਸੀਈਆਰਟੀ ਦੇ ਸਿਲੇਬਸ ਚੋਂ ਜੀਵ ਵਿਕਾਸ ਦੇ ਸਿਧਾਂਤ ਨੂੰ ਬਾਹਰ ਕੱਢਣ ਅਤੇ ਰੂੜੀਵਾਦੀ ਵਿਸ਼ੇ ਸ਼ਾਮਿਲ ਕਰਨ ਦੀ ਨਿਖੇਧੀ ਕੀਤੀ। ਪ੍ਰਸਿੱਧ ਕਲਾ ਮਾਹਿਰ ਗੁਰਪ੍ਰੀਤ ਆਰਟਿਸਟ ਬਠਿੰਡਾ ਨੇ ਜ਼ਿੰਦਗੀ ਵਿੱਚ ਕਲਾ ਦਾ ਮਹੱਤਵ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਕੁੱਝ ਨਵੀਂ ਸਿਰਜਣਾ, ਸੰਵੇਦਨਸ਼ੀਲਤਾ,ਨੈਤਿਕਤਾ ਅਤੇ ਮਨੁੱਖਤਾਪੱਖੀ ਮਾਨਸਿਕਤਾ ਪ੍ਰਫੁੱਲਿਤ ਕਰਨ ਲਈ ਗੀਤ -ਸੰਗੀਤ, ਨਾਟਕ, ਚਿੱਤਰਕਾਰੀ,ਨ੍ਰਿਤ, ਸਾਹਿਤ ਪੜ੍ਹਨ,ਲਿਖਣ ਆਦਿ ਕਲਾ ਦੀਆਂ ਰੁਚੀਆਂ ਵਿਕਸਤ ਕਰਨ ਦੀ ਬੇਹੱਦ ਲੋੜ ਹੈ ਜਿਸ ਲਈ ਉਨ੍ਹਾਂ ਨੂੰ ਵਿਗਿਆਨਕ ਸੋਚ,ਲਗਨ ਅਤੇ ਮਿਹਨਤ ਨਾਲ ਅੱਗੇ ਵੱਧਣਾ ਚਾਹੀਦਾ ਹੈ। ਉਨ੍ਹਾਂ ਨੇ ਮੌਕੇ ਉੱਤੇ ਚਿੱਤਰਕਾਰੀ ਦੀ ਪੇਸ਼ਕਾਰੀ ਵੀ ਕਰਕੇ ਵਿਖਾਈ।

ਅਗਲੇ ਸੈਸ਼ਨ ਵਿੱਚ ਤਰਕਸ਼ੀਲ ਆਗੂ ਚੰਨਣ ਵਾਂਦਰ ਅਤੇ ਮਾਸਟਰ ਰਾਜਿੰਦਰ ਭਦੌੜ ਨੇ ਵਿਦਿਆਰਥੀਆਂ ਨੂੰ ਸੰਮੋਹਨ ਨੀਂਦ ਦੀ ਅਮਲੀ ਪ੍ਰਕਿਰਿਆ ਰਾਹੀਂ ਸਿੱਖਿਅਤ ਕਰਦਿਆਂ ਕਿਹਾ ਕਿ ਇਸ ਵਿਧੀ ਰਾਹੀਂ ਡਰ ,ਫੋਬੀਆ,ਮਾਨਸਿਕ ਤਣਾਓ ਅਤੇ ਬੁਰਾਈਆਂ ਉਤੇ ਕਾਬੂ ਪਾਇਆ ਜਾ ਸਕਦਾ ਹੈ ਜਦਕਿ ਕੁਝ ਲੋਕ ਧਰਮ ਦੀ ਆੜ ਹੇਠ ਸੰਮੋਹਨ ਵਿਧੀ ਦਾ ਦੁਰਪ੍ਰਯੋਗ ਕਰਕੇ ਲੋਕਾਂ ਦੀ ਲੁੱਟ ਕਰ ਰਹੇ ਹਨ। ਪ੍ਰਸਿੱਧ ਲੇਖਕ ਦੀਪ ਦਿਲਬਰ ਨੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਤੇ ਰਚਨਾਵਾਂ ਲਿਖਣ ਦੇ ਗੁਰ ਦੱਸੇ ਜਦਕਿ ਰਵਿੰਦਰ ਕੌਰ ਨੇ ਮਿਆਰੀ ਸਾਹਿਤ ਦਾ ਅਧਿਐਨ ਕਰਨ ਲਈ ਪ੍ਰੇਰਿਤ ਕੀਤਾ। ਸਿਕੰਦਰ ਸਿੰਘ ਢੁੱਡੀਕੇ ਨੇ ਨਸ਼ਿਆਂ ਪਿੱਛੇ ਪ੍ਰਸ਼ਾਸਨਿਕ ,ਆਰਥਿਕ ਅਤੇ ਸਮਾਜਿਕ ਕਾਰਨਾਂ ਨੂੰ ਜ਼ਿੰਮੇਵਾਰ ਦੱਸਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਆਪਣਾ ਧਿਆਨ ਪੜ੍ਹਾਈ ਅਤੇ ਲੋਕ ਪੱਖੀ ਸਭਿਆਚਾਰਕ ਗਤੀਵਿਧੀਆਂ ਤੇ ਕੇਂਦਰਿਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਮਾਸਟਰ ਕਰਮਜੀਤ ਸਿੰਘ ਲਲਤੋਂ ਨੇ ਵਿਦਿਆਰਥੀਆਂ ਨੂੰ ਹਥਿਆਰਾਂ, ਨਸ਼ਿਆਂ ਅਤੇ ਅਸ਼ਲੀਲਤਾ ਬਾਰੇ ਲੱਚਰ ਗੀਤ ਸੰਗੀਤ ਦੀ ਥਾਂ ਉਸਾਰੂ ਅਤੇ ਇਨਕਲਾਬੀ ਗੀਤ ਸੰਗੀਤ ਨਾਲ ਜੁੜਨ ਲਈ ਉਤਸਾਹਿਤ ਕੀਤਾ । ਇਸ ਮੌਕੇ ਵਿਦਿਆਰਥੀਆਂ ਨੇ ਵੱਖ ਵੱਖ ਵਿਸ਼ਿਆਂ ਤੇ ਹੋਈ ਉਸਾਰੂ ਗਰੁੱਪ ਚਰਚਾ ਵਿੱਚ ਵੀ ਭਾਗ ਲਿਆ।

ਇਸਦੇ ਇਲ-ਾਵਾ ਤਰਕਸ਼ੀਲ ਆਗੂ ਰਾਮ ਕੁਮਾਰ ਪਟਿਆਲਾ ਅਤੇ ਬਿੰਦਰ ਧਨੌਲਾ ਨੇ ਹੱਥ ਦੀ ਸਫਾਈ ਦੇ ਟਰਿੱਕ ਵਿਖਾ ਕੇ ਵਿਦਿਆਰਥੀਆਂ ਨੂੰ ਪਾਖੰਡੀ ਬਾਬਿਆਂ, ਸਾਧਾਂ ਅਤੇ ਜੋਤਸ਼ੀਆਂ ਦੇ ਝਾਂਸੇ ਤੋਂ ਬਚਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ, ਗੁਰਪ੍ਰੀਤ ਸ਼ਹਿਣਾ,ਰਾਮ ਸਵਰਨ ਲੱਖੇਵਾਲੀ,ਸੁਖਵਿੰਦਰ ਬਾਗ-ਪੁਰ,ਜਸਵੰਤ ਮੋਹਾਲੀ, ਸੁਰਜੀਤ ਟਿੱਬਾ, ਸੁਮੀਤ ਅੰਮ੍ਰਿਤਸਰ,ਕੁਲਜੀਤ ਡੰਗਰਖੇੜਾ, ਮੋਹਨ ਬਡਲਾ ਤੋਂ ਇਲਾਵਾ ਜੋਨ ਆਗੂ ਸੰਦੀਪ ਧਾਰੀਵਾਲ ਭੋਜਾਂ,ਕੁਲਵੰਤ ਕੌਰ ਪਟਿਆਲਾ,ਬੂਟਾ ਸਿੰਘ ਵਾਕਫ਼,ਅਸ਼ੋਕ ਕੁਮਾਰ ਰੋਪੜ, ਕੁਲਦੀਪ ਨੇਨੇਵਾਲ, ਅਵਤਾਰ ਬਰਨਾਲਾ,ਗਿਆਨ ਸਿੰਘ ਬਠਿੰਡਾ ਅਤੇ ਵਿਸ਼ਵਕਾਂਤ ਸੁਨਾਮ ਹਾਜ਼ਰ ਸਨ।

**ਜਾਰੀ ਕਰਦਾ**
**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

for more news visit:
www.samajweekly.com

# ਮਨਜੀਤ ਕੌਰ ਤੇ ਸੁਮਿਤ ਕੁਮਾਰ ਦਰਜਨਾਂ ਸਾਥੀਆਂ ਸਮੇਤ ਚਰਨਜੀਤ ਚੰਨੀ ਜੀ ਦੀ ਅਗਵਾਈ ਚ ਕਾਂਗਰਸ ਚ ਹੋਏ ਸ਼ਾਮਿਲ



**ਫਿਲੌਰ/ਅੱਪਰਾ (ਦੀਪਾ)** ਲੁਧਿਆਣਾ ਪੱਛਮੀ ਦੀ ਜਿਮਨੀ ਚੋਣ ਜਿੱਤਣ ਲਈ ਸਾਰੀਆਂ ਰਾਜਨੀਤਿਕ ਪਾਰਟੀਆਂ ਪੱਬਾਂ ਭਾਰ ਹਨ, ਚੋਣ ਪ੍ਰਚਾਰ ਜ਼ੋਰਾਂ ਸ਼ੋਰਾਂ ਤੇ ਚੱਲ ਰਿਹਾ ਹੈ ਇਸੇ ਦੌਰਾਨ ਅੱਜ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਆਮ ਪਾਰਟੀ ਨੂੰ ਸੰਨ ਲਾਉਂਦੇ ਹੋਏ ਦਰਜਨਾਂ ਨੌਜਵਾਨਾਂ ਨੂੰ ਕਾਂਗਰਸ ਪਾਰਟੀ ਚ ਸ਼ਾਮਿਲ ਕਰ ਲਿਆ ਹੈ । ਲੁਧਿਆਣਾ ਪੱਛਮੀ ਚ ਮਹਿਲਾ ਆਗੂ ਮਨਜੀਤ ਕੌਰ ਦੇ ਗ੍ਰਹਿ ਵਿਖੇ ਰੱਖੀ ਗਈ ਮੀਟਿੰਗ ਦੌਰਾਨ ਚਰਨਜੀਤ ਸਿੰਘ ਚੰਨੀ ਨੇ ਭਾਰਤ ਭੂਸ਼ਣ ਆਸ਼ੂ ਨੂੰ ਵੋਟਾਂ ਪਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦਾ ਹੰਕਾਰ ਟੁੱਟੇਗਾ ਤੇ ਵੱਡੀ ਲੀਡ ਨਾਲ ਆਸ਼ੂ ਦੀ ਜਿੱਤ ਹੋਵੇਗੀ। ਇਸ ਮੌਕੇ ਸਾਬਕਾ ਲੋਕ ਸਭਾ ਮੈਂਬਰ ਮੁਹੰਮਦ ਸਦੀਕ,ਰਜਿੰਦਰ ਸੰਧੂ ਫਿਲੌਰ,ਅਮਰੀਕ ਸਿੰਘ ਥਲਾ,ਨੰਬਰਦਾਰ ਪ੍ਰੇਮ ਕੁਮਾਰ, ਰਜਨੀਸ਼ ਸਿੰਗਲਾ,ਮਹਿਲਾ ਆਗੂ ਪ੍ਰੀਤੀਕਾ, ਬਿਮਲਾ ਰਾਣੀ,ਮੱਖਣ ਸਿੰਘ, ਰਮਨ, ਹਰਮੇਸ਼ ਲਾਕ, ਜਤਿੰਦਰ ਸਿੰਘ,ਹਰਵਿੰਦਰ ਕੌਰ, ਰੋਹਿਤ,ਅਕਸ਼ੈ ਭੰਡਾਰੀ, ਬਲਵਿੰਦਰ ਸਿੰਘ, ਮਨਜੀਤ ਸਿੰਘ ਖਾਲਸਾ ਮੈਂਬਰ ਪੰਚਾਇਤ ਛੋਕਰਾਂ ਆਦਿ ਹਾਜ਼ਰ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਦੀ ਮੀਟਿੰਗ ਆਯੋਜਿਤ



**ਫਿਲੌਰ/ਅੱਪਰਾ( ਦੀਪਾ)-** 4161 ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਕੁਲਰੀਆਂ, ਮੀਤ ਪ੍ਰਧਾਨ ਬੀਰਇੰਦਰ ਸਿੰਘ ਅਤੇ ਜਰਨਲ ਸਕੱਤਰ ਮਨਜੀਤ ਲੁਬਾਣਾ ਨੇ 4161 ਮਾਸਟਰ ਕੇਡਰ ਨੂੰ ਵੀ ਬਦਲੀਆਂ ਦਾ ਮੌਕਾ ਦੇਣ ਦੀ ਕੀਤੀ ਮੰਗ। ਆਗੂਆਂ ਨੇ ਕਿਹਾ ਕਿ 4161 ਭਰਤੀ ਦਾ ਲਗਭਗ 90 ਫੀਸਦੀ ਕੇਡਰ ਆਪਣੇ ਘਰਾਂ ਤੋ ਬਹੁਤ ਦੂਰ ਬੈਠਾ ਹੈ। ਜਿਸ ਕਰਕੇ ਬਹੁਤ ਸਾਰੇ ਅਧਿਆਪਕ ਸਾਥੀ ਆਪਣੀਆਂ ਘਰੇਲੂ ਜੁੰਮੇਵਾਰੀਆਂ ਨੂੰ ਵੀ ਸਹੀ ਤਰੀਕੇ ਨਾਲ ਨਹੀਂ ਨਿਭਾ ਪਾ ਰਹੇ ਅਤੇ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਅਧਿਆਪਕ ਬਿਨਾ ਮਾਨਸਿਕ ਤਣਾਅ ਤੋਂ ਆਪਣੀ ਡਿਊਟੀ ਨੂੰ ਹੋਰ ਵੀ ਸੁਚੱਜੇ ਤਰੀਕੇ ਨਾਲ ਨਿਭਾਉਂਦਾ ਹੈ। ਆਗੂਆਂ ਨੇ ਕਈ ਵਾਰ ਮਾਣਯੋਗ ਸਿੱਖਿਆ ਮੰਤਰੀ ਜੀ ਨਾਲ ਰਾਬਤਾ ਬਣਾਇਆ ਸੀ ਜਿਸ ਵਿੱਚ ਹਰ ਵਾਰ ਸਿੱਖਿਆ ਮੰਤਰੀ ਜੀ ਵਲੋਂ ਭਰੋਸਾ ਦਿੱਤਾ ਜਾਂਦਾ ਰਿਹਾ ਹੈ ਕਿ ਤੁਹਾਨੂੰ ਵੀ ਬਦਲੀਆਂ ਦਾ ਮੌਕਾ ਦਿੱਤਾ ਜਾਵੇਗਾ। ਪਰ ਅਫਸੋਸ ਦੀ ਗੱਲ ਬੀਤੇ ਦਿਨੀਂ ਬਦਲੀਆਂ ਦਾ ਪੋਰਟਲ ਖੁੱਲ ਗਿਆ ਹੈ ਪਰ 4161 ਮਾਸਟਰ ਕੇਡਰ ਨੂੰ ਇਸ ਤੋਂ ਵਾਂਝਾ ਰੱਖਿਆ ਗਿਆ ਹੈ। ਯੂਨੀਅਨ ਦੇ ਆਗੂਆਂ ਵਲੋਂ ਜਦੋਂ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਤਾਂ ਪਤਾ ਚਲਾ ਕਿ ਸਿੱਖਿਆ ਮੰਤਰੀ ਜੀ ਨੇ 4161 ਮਾਸਟਰ ਕੇਡਰ ਨੂੰ ਵੀ ਬਦਲੀਆਂ ਦਾ ਮੌਕਾ ਦੇਣ ਦੇ ਸਬੰਧ ਵਿੱਚ ਕੋਈ ਵੀ ਨੋਟਿਸ ਨਹੀਂ ਆਇਆ। ਓਹਨਾ ਦਾ ਅਗਰ ਸਾਡੇ ਕੋਲ ਸਿੱਖਿਆ ਮੰਤਰੀ ਜੀ ਵਲੋਂ ਕੋਈ ਵੀ ਨੋਟਿਸ ਆ ਜਾਂਦਾ ਹੈ ਤਾਂ 4161 ਮਾਸਟਰ ਕੇਡਰ ਨੂੰ ਵੀ ਹੋ ਰਹੀਆਂ ਬਦਲੀਆਂ ਵਿੱਚ ਮੌਕਾ ਦਿੱਤਾ ਜਾਵੇਗਾ । ਯੂਨੀਅਨ ਦੇ ਆਗੂਆਂ ਵਲੋਂ ਸਿੱਖਿਆ ਮੰਤਰੀ ਜੀ ਨੂੰ ਅਪੀਲ ਕੀਤੀ ਜਾਂਦੀ ਹੈ ਕਿ 4161 ਮਾਸਟਰ ਕੇਡਰ ਨੂੰ ਵੀ ਬਦਲੀਆਂ ਵਿੱਚ ਮੌਕਾ ਦਿੱਤਾ ਜਾਵੇ ਤਾਂ ਜੋ ਘਰਾਂ ਦੀ ਕਈ ਸੌ ਕਿਲੋਮੀਟਰ ਦੂਰ ਬੈਠੇ ਅਧਿਆਪਕ ਸਾਥੀ ਆਪਣੇ ਘਰਾਂ ਕੋਲ ਜਾਕੇ ਆਪਣੀ ਡਿਊਟੀ ਨਿਭਾਅ ਪਾਉਣ। ਜੇਕਰ 4161 ਮਾਸਟਰ ਕੇਡਰ ਨੂੰ ਬਦਲੀਆਂ ਵਿੱਚ ਮੌਕਾ ਨਾ ਦਿੱਤਾ ਗਿਆ ਤਾਂ ਆਉਣ ਵਾਲੀ 12 ਜੂਨ ਨੂੰ ਲੁਧਿਆਣਾ ਵਿਖੇ ਜ਼ਮੀਨੀ ਸੰਘਰਸ ਕੀਤਾ ਜਾਵੇਗਾ।

# ਸ. ਸਿਮਰਨਜੀਤ ਸਿੰਘ ਮਾਨ ਜੀ ਨੇ 9 ਸਾਲ ਦੀ ਬੱਚੀ ਮਨਜਾਪ ਕੌਰ ਗਿੱਲ ਨੂੰ ਚਿਲਡਰਨ ਵਿੰਗ ਦੀ ਪ੍ਰਧਾਨ ਨਿਯੁਕਤ ਕੀਤਾ



ਮਨਜਾਪ ਕੌਰ ਗਿੱਲ ਦੀ ਜ਼ਿੰਦਗੀ ਦਾ ਦਿਨ 7 ਜੂਨ 2025 ਯਾਦਗਿਰੀ ਬਣ ਕੇ ਰਹਿ ਗਿਆ। ਜਦੋਂ ਸ. ਸਿਮਰਨਜੀਤ ਸਿੰਘ ਮਾਨ ਜੀ ਨੇ ਉਸਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦੀ ਚਿਲਡਰਨ ਵਿੰਗ ਦੀ ਪ੍ਰਧਾਨ ਨਿਯੁਕਤ ਕੀਤਾ। ਮਨਜਾਪ ਕੌਰ ਗਿੱਲ ਨੂੰ ਇਹ ਸਨਮਾਨ ਇਸ ਲਈ ਦਿੱਤਾ ਗਿਆ ਕਿਉਂਕਿ ਉਹ ਆਪਣੀ ਮਾਤਾ ਰਸ਼ਪਿੰਦਰ ਕੌਰ ਗਿੱਲ ਜੋ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਪੰਜਾਬ ਦੇ ਜਨਰਲ ਸਕੱਤਰ ਹਨ ਦੇ ਨਾਲ ਪਾਰਟੀ ਦੀ ਹਰ ਮੀਟਿੰਗ ਵਿੱਚ, ਪਾਰਟੀ ਵੱਲੋਂ ਆਯੋਜਿਤ ਹਰ ਸਮਾਗਮ ਵਿੱਚ ਅਤੇ ਪਾਰਟੀ ਦੇ ਚੋਣ ਪ੍ਰਚਾਰ ਵਿੱਚ ਪਹੁੰਚਦੀ ਹੈ। ਬੇਸ਼ੱਕ ਨਾਸਮਝੀ ਵਿੱਚ ਹੀ ਉਹ ਪਾਰਟੀ ਦੇ ਹਰ ਆਯੋਜਨ ਵਿੱਚ ਵਿਚਰਦੀ ਹੈ ਪਰ ਪਾਰਟੀ ਦਾ ਹੁਣ ਇਹ ਬੱਚੀ ਅੰਗ ਬਣ ਚੁੱਕੀ ਹੈ। ਮਾਨ ਸਾਹਿਬ ਦਾ ਬੱਚਿਆਂ ਨਾਲ ਲਗਾਵ ਇਹ ਵੀ ਦਰਸਾਉਂਦਾ ਹੈ ਕਿ ਉਹ ਚਾਹੁੰਦੇ ਹਨ ਕਿ ਪੰਜਾਬ ਦੀ ਅਗਲੇਰੀ ਪੀੜੀ ਵੀ ਸੁਹਿਰਦਤਾ ਨਾਲ ਪੰਥ ਅਤੇ ਪੰਜਾਬ ਦੀ ਸੇਵਾ ਕਰਣ। ਮਾਨ ਸਾਹਿਬ ਜਿੱਥੇ ਨੋਜਵਾਨਾਂ ਨੂੰ ਉਤਸ਼ਾਹ ਦਿੰਦੇ ਦਿੱਸਦੇ ਹਨ ਉੱਥੇ ਹੀ ਉਹ ਹੁਣ ਬੱਚਿਆਂ ਦੀ ਇਸ ਫੁਲਵਾੜੀ ਨੂੰ ਵੀ ਸੰਭਾਲਣ ਦੀ ਕੋਸ਼ਸ਼ ਕਰ ਰਹੇ ਹਨ। ਮਨਜਾਪ ਕੌਰ ਗਿੱਲ ਨੂੰ ਮਾਨ ਸਾਹਿਬ ਨੇ ਸਿਰੋਪਾਉ ਭੇਂਟ ਕਰਕੇ ਬੱਚੀ ਦੀ ਹੌਂਸਲਾ ਅਫਜਾਈ ਕੀਤੀ। ਮਨਜਾਪ ਕੌਰ ਗਿੱਲ ਦੀ ਨਿਯੁਕਤੀ ਸਮੇਂ ਉਸਦੀ ਮਾਤਾ ਰਸ਼ਪਿੰਦਰ ਕੌਰ ਗਿੱਲ ਜਨਰਲ ਸਕੱਤਰ ਇਸਤਰੀ ਵਿੰਗ ਪੰਜਾਬ, ਹਰਪਾਲ ਸਿੰਘ ਬਲੇਅਰ ਜਨਰਲ ਸਕੱਤਰ, ਉਪਕਾਰ ਸੰਧੂ ਜਨਰਲ ਸਕੱਤਰ, ਉਪਿੰਦਰ ਪ੍ਰਤਾਪ ਸਿੰਘ ਪੀ.ਏ ਸ. ਸਿਮਰਨਜੀਤ ਸਿੰਘ ਮਾਨ, ਹਰਮਨਦੀਪ ਸਿੰਘ ਸ਼ਹਿਰੀ ਪ੍ਰਧਾਨ ਜ਼ਿਲਾ ਅੰਮ੍ਰਿਤਸਰ, ਪਰਮਜੀਤ ਸਿੰਘ ਸੁੱਖ ਜਨਰਲ ਸਕੱਤਰ ਮਾਝਾ ਜੋਨ, ਜਸਬੀਰ ਸਿੰਘ ਬੱਚੜੇ ਜਥੇਬੰਦਕ ਸਕੱਤਰ ਮਾਝਾ ਜ਼ੋਨ ਵੀ ਸ਼ਾਮਿਲ ਸਨ।

ਸਮਾਜ ਵੀਕਲੀ ਨਿਊਜ਼

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025 ਜਰਖੜ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਫਾਈਨਲ ਵਿੱਚ ਪੁੱਜੇ

**● ਜੂਨੀਅਰ ਵਰਗ ਦਾ ਫਾਈਨਲ ਕਿਲ੍ਹਾ ਰਾਏਪੁਰ ਅਤੇ ਜਰਖੜ ਅਕੈਡਮੀ ਵਿਚਕਾਰ ● ਜਗਜੀਤ ਸਿੰਘ ਦਾਖਾ ਨੇ ਜਰਖੜ ਅਕੈਡਮੀ ਨੂੰ ਦਿੱਤੀ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ**





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ 15ਵੇਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਠਵੇਂ ਦਿਨ ਖੇਡੇ ਗਏ ਸੈਮੀਫਾਈਨਲ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਨੇ ਜਿੱਥੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਉੱਥੇ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਅਤੇ ਜਰਖੜ ਅਕੈਡਮੀ ਨੇ ਪਹਿਲੀ ਵਾਰ ਫਾਈਨਲ ਵਿੱਚ ਪੁੱਜਣ ਦਾ ਮਾਣ ਹਾਸਿਲ ਕੀਤਾ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਉੱਪਰ ਫ਼ਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਰਾਜ ਪੱਧਰੀ ਹਾਕੀ ਫੈਸਟੀਵਲ ਦੇ ਪਹਿਲੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਪਿਛਲੇ ਸਾਲ ਦੀ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਮੋਗਾ ਕਲੱਬ ਨੂੰ 5-4 ਨਾਲ ਹਰਾਇਆ। ਜਰਖੜ ਅਕੈਡਮੀ ਦਾ ਸੁਰਿੰਦਰ ਸਿੰਘ ਸ਼ਿੰਦਾ" ਡਾਬਰ ਹੀਰੋ ਆਫ ਦਾ ਮੈਚ" ਬਣਿਆ, ਅਤੇ ਗੁਰਸਤਿੰਦਰ ਸਿੰਘ ਪ੍ਰਗਟ ਨੇ ਜੇਤੂ ਹੈਟ੍ਰਿਕ ਜੜੀ, ਜਦ ਕਿ ਦੂਸਰੇ ਮੈਚ ਵਿੱਚ ਨੀਟਾ ਕਲੱਬ ਰਾਮਪੁਰ ਨੇ ਕਰੜੇ ਸੰਘਰਸ਼ ਬਾਅਦ ਕਿਲ੍ਹਾ ਰਾਏਪੁਰ ਨੂੰ 6-2 ਗੋਲਾਂ ਨਾਲ ਹਰਾਇਆ । ਰਾਮਪੁਰ ਦਾ ਜਗਜੀਤ ਸਿੰਘ " ਡਾਬਰ ਹੀਰੋ ਆਫ ਦਾ ਮੈਚ" ਬਣਿਆ । ਜੂਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਨੇ ਨਨਕਾਣਾ ਸਾਹਿਬ ਸਕੂਲ ਰਾਮ-ਪੁਰ ਛੰਨਾ ਨੂੰ 4-0 ਗੋਲਾਂ ਨਾਲ ਹਰਾ ਕੇ ਫਾਈਨਲ ਵਿੱਚ ਦਾਖਲਾ ਪਾਇਆ। ਕਿਲ੍ਹਾ ਰਾਏਪੁਰ ਸਕੂਲ ਦਾ ਰਾਜਵੀਰ ਸਿੰਘ "ਡਾਬਰ ਹੀਰੋ ਆਫ਼ ਦਾ ਮੈਚ" ਬਣਿਆ। ਜੂਨੀਅਰ ਵਰਗ ਦੇ ਦੂਸਰੇ ਸੈਮੀ ਫਾਈਨਲ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੇ ਏਕ ਨੂਰ ਅਕੈਡਮੀ ਨੂੰ 5-0 ਗੋਲਾਂ ਨਾਲ ਹਰਾ ਕੇ ਫਾਈਨਲ ਵਿੱਚ ਪਹਿਲੀ ਵਾਰ ਪ੍ਰਵੇਸ਼ ਪਾਇਆ । ਜਰਖੜ ਅਕਾਦਮੀ ਦਾ ਧਰਮਵੀਰ ਸਿੰਘ "ਡਾਬਰ ਹੀਰੋ ਆਫ ਦਾ ਮੈਚ " ਬਣਿਆ



ਅੱਜ ਦੇ ਮੈਚਾਂ ਦੌਰਾਨ ਕੌਮੀ ਅਥਲੀਟ ਹਰਜਿੰਦਰ ਸਿੰਘ ਗਿੱਲ ਡੀਐਸਪੀ ਹਲਕਾ ਗਿੱਲ, ਜਗਜੀਤ ਸਿੰਘ ਦਾਖਾ ਕਲਕੱਤਾ ਟਰਾਂਸਪੋਰਟ, ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਰੇਲਵੇ ਵੇਟਲਿਫ਼ਟਰ, ਰਾਜ ਗਰੇਵਾਲ ਨੇ ਹਾਜ਼ਰੀ ਭਰਦਿਆਂ ਟੀਮਾਂ ਦੇ ਨਾਲ ਜਾਣ ਪਹਿਚਾਨ ਕੀਤੀ, । ਇਸ ਮੌਕੇ ਜਰਖੜ ਸਟੇਡੀਅਮ ਦੇ ਢਾਂਚੇ ਅਤੇ ਅਤੇ ਅਕੈਡਮੀ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਸਾਬਕਾ ਕੌਮੀ ਹਾਕੀ ਖਿਡਾਰੀ ਅਤੇ ਉੱਘੇ ਬਿਜ਼ਨਿਸਮੈਨ ਜਗਜੀਤ ਸਿੰਘ ਸੇਖੋਂ ਨੇ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ।

ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸਰਪੰਚ ਸੰਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਅਜੀਤ ਸਿੰਘ ਲਾਦੀਆ, ਖੁਸ਼ਮੀਤ ਸਿੰਘ ਖੰਨਾ, ਪਵਨ ਬਾਂਸਲ, ਮਨਜੀਤ ਸਿੰਘ ਚਾਹਿਲ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਦਲਬੀਰ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ, ਰੁਪਿੰਦਰ ਸਿੰਘ ਗਿੱਲ ਉਟਾਲਾ, ਗੁਰਵਿੰਦਰ ਸਿੰਘ ਗਰੇਵਾਲ ਕਿਲ੍ਹਾ ਰਾਏਪੁਰ, ਪਰਮਜੀਤ ਸਿੰਘ ਪੰਮੀ ਨਾਰੰਗਵਾਲ, ਸ਼ਿੰਗਾਰਾ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਐੱਸ ਡੀ ਕਾਲਜ 'ਚ ਵਾਤਾਵਰਣ ਦਿਵਸ ਸਬੰਧੀ ਗਤੀਵਿਧੀਆਂ

**ਕਪੂਰਥਲਾ, ( ਕੌੜਾ )-** ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਐਸ ਡੀ ਕਾਲਜ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਆਗਵਾਈ ਵਿਚ ਈਕੋ ਕਲੱਬ ਵੱਲੋਂ ਇੰਚਾਰਜ ਮੈਡਮ ਰਾਜਿੰਦਰ ਕੌਰ ਦੀ ਦੇਖ ਰੇਖ ਵਿਚ ਵਿਸ਼ਵ ਵਾਤਾਵਰਣ ਦਿਵਸ ਮੁਹਿੰਮ ਸੰਬੰਧੀ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ । ਇਸ ਦੌਰਾਨ ਸਲੋਗਨ ਰਾਈਟਿੰਗ ਅਤੇ ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ। ਜਿਸ ਵਿੱਚ ਪਲਾਸਟਿਕ ਦੀ ਵਰਤੋਂ 'ਨਾ ਕਰਨ' ਅਤੇ ' ਘੱਟ ਤੋਂ ਘੱਟ ਕਰਨ' ਦਾ ਸੁਨੇਹਾ ਦਿੱਤਾ ਗਿਆ । ਇਸ ਦੌਰਾਨ ਵਿਦਿਆਰਥਣਾਂ, ਸਟਾਫ ਮੈਂਬਰਾਂ ਅਤੇ ਪ੍ਰਿੰਸੀਪਲ ਵੱਲੋਂ ਐਨ ਐਸ ਵਿਭਾਗ ਦੇ ਸਹਿਯੋਗ ਨਾਲ 'ਪਲਾਂਟੇਸ਼ਨ ਡਰਾਈਵ ਵੀ ਚਲਾਈ ਗਈ । ਜਿਸ ਤਹਿਤ ਕਾਲਜ ਕੈਂਪਸ 'ਚ ਵੱਖ-ਵੱਖ ਪੌਦੇ ਲਗਾਏ ਗਏ ਤਾਂ ਜੋ ਵਾਤਾਵਰਣ ਹਰਾ-ਭਰਾ ਰਹੇ । ਇਸ ਤੋਂ ਇਲਾਵਾ ਲੇਖ ਰਚਨਾ ਮੁਕ-ਾਬਲਾ ਕਰਵਾਇਆ ਗਿਆ । ਜਿਸ ਵਿੱਚ ਵਿਦਿਆਰਥਣਾਂ ਪੇਪਰ ਦੇਣ ਉਪਰੰਤ ਭਾਗ ਲਿਆ ਅਤੇ ਕੁਝ ਵਿਦਿਆਰਥੀਆਂ ਵੱਲੋਂ ਲੇਖ ਲਿਖਣ



ਤੋ ਬਾਅਦ ਘਰ ਬੈਠੇ ਹੀ ਪੀ ਡੀ ਐਫ ਰਾਹੀਂ ਵਟਸਐਪ ਦੁਆਰਾ ਭੇਜਿਆ ਗਿਆ । ਮੁੱਖ ਮੰਤਵ ਪਲਾਸਟਿਕ ਰਾਹੀਂ ਪ੍ਰਦੂਸ਼ਣ ਘਟਾਉਣਾ ਅਤੇ ਦੂਰਦਰਸ਼ੀ ਸੋਚ ਰੱਖਣਾ ਹੀ ਰਿਹਾ । ਇਕ ਹੋਰ ਗਤੀਵਿਧੀ ਵੈਬਿਨਾਰ ਉੱਤੇ ਅਧਾਰਿਤ ਰਹੀ। ਇਹ ਵੈਬਿਨਾਰ ਗੂਗਲ ਮੀਟ ਰਾਹੀਂ ਕਰਵਾਇਆ ਗਿਆ ਜਿਸ ਵਿਚ ਸਟਾਫ ਮੈਂਬਰਾਂ ਅਤੇ ਵਿਦਿਆਰਥਣਾਂ ਨੇ ਆਨਲਾਈਨ ਘਰ ਤੋਂ ਹਾਜ਼ਰੀ ਭਰੀ। ਵੈਬਿਨਾਰ ਦਾ ਸੰਚਾਲਨ ਅਤੇ ਮੁੱਢਲੀ ਜਾਣਕਾਰੀ ਕਲੱਬ ਇੰਚਾਰਜ ਮੈਡਮ ਰਾਜਿੰਦਰ ਕੌਰ ਨੇ ਕੀਤੀ । ਬੀ ਕਾਮ ਭਾਗ ਦੂਜਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ ਪਰਚਾ ਪੜਿਆ ਅਤੇ ਮੈਡਮ ਪ੍ਰਿੰਸੀਪਲ ਨੇ ਪਲਾਸਟਿਕ ਪੌਲਊਸ਼ਨ ਘਟਾਉਣ ਲਈ ਜੀਵਨਸ਼ੈਲੀ ਵਿੱਚ ਤਬਦੀਲੀ ਲਿਆਉਣ ਲਈ ਜ਼ੋਰ ਦਿੱਤਾ । ਆਖਰੀ ਗਤੀਵਿਧੀ ਦੇ ਸੰਬੰਧ ਵਿੱਚ ਵਿਦਿਆਰਥਣਾਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਪਲਾਸਟਿਕ ਪ੍ਰਦੂਸ਼ਣ ਖਤਮ ਕਰਨ ਦੇ ਨਾਲ ਨਾਲ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਘਟਾਉਣ ਦੇ ਸੁਨੇਹੇ ਨਾਲ ਇੱਕ ਸਹੁੰ ਚੁਕਾਉਂਦੇ ਹੋਏ ਸੰਪੰਨ ਕੀਤਾ।

# ਗੋਲਡਨ ਵਿਰਸਾ ਯੂ ਕੇ ਨੇ ਹਰਗੁਰਦੇਵ ਸਿੰਘ ਨੂੰ ਡੀ ਐੱਸ ਪੀ ਬਣਾਏ ਜਾਣ ਤੇ ਦਿੱਤੀ ਮੁਬਾਰਕਬਾਦ

## ਈਮਾਨਦਾਰੀ ਤੇ ਤਨਦੇਹੀ ਨਾਲ ਨੌਕਰੀ ਕਰਨ ਵਾਲੇ ਪੁਲਿਸ ਕਰਮਚਾਰੀਆਂ ਨੂੰ ਤਰੱਕੀ ਦੇਣਾ ਸ਼ਲਾਘਾਯੋਗ ਕਦਮ- ਰਾਜਵੀਰ ਸਮਰਾ

**ਕਪੂਰਥਲਾ (ਕੌੜਾ)-** ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਵਿਭਾਗ ਵੱਲੋਂ ਪੰਜਾਬ ਪੁਲਸ ਦੇ ਜ਼ਿਲ੍ਹਾ ਕਾਡਰ ਅਤੇ ਆਰਮਜ ਕਾਡਰ ਵਿਚ ਤੈਨਾਤ ਇੰਸਪੈਕਟਰਾਂ ਨੂੰ ਤਰੱਕੀ ਦੇ ਕੇ ਡੀ.ਐਸ.ਪੀ. ਬਣਾਇਆ ਗਿਆ ਹੈ ।ਜਿਨ੍ਹਾਂ ਵਿਚ ਥਾਣਾ ਸੁਲਤਾਨਪੁਰ ਲੋਧੀ ਦੇ ਮੁਖੀ ਇੰਸਪੈਕਟਰ ਹਰਗੁਰਦੇਵ ਸਿੰਘ ਨੂੰ ਵੀ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਵਿਭਾਗ ਨੇ ਤਰੱਕੀ ਦੇ ਕੇ ਡੀ.ਐਸ.ਪੀ. ਬਣਾਇਆ ਗਿਆ ਹੈ । ਗੋਲਡਨ ਵਿਰਸਾ ਯੂ ਕੇ ਦੇ ਐੱਮ ਡੀ ਰਾਜਵੀਰ ਸਮਰਾ (ਏਕਲ ਗੱਡਾ ) ਨੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ । ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਜਵੀਰ ਸਮਰਾ (ਏਕਲ ਗੱਡਾ) ਨੇ ਕਿਹਾ ਕਿ ਜੰਡਿਆਲਾ ਗੁਰੂ ਦੇ ਜੰਮਪਲ ਹਨ ਤੇ ਸ਼ੁਰੂ ਤੋਂ ਭਲਵਾਨੀ ਸ਼ੌਕ ਰੱਖਣ ਵਾਲੇ ਹਰਗੁਰਦੇਵ ਸਿੰਘ ਨੇ ਆਪਣੀ ਹੁਣ ਤੱਕ ਦੀ ਨੌਕਰੀ ਪੂਰਨ ਈਮਾਨਦਾਰੀ ਤੇ ਪੂਰੀ ਤਨਦੇਹੀ ਨਾਲ ਕਰਦਿਆਂ ਹੋਇਆਂ ਜ਼ੁਰਮ ਤੇ ਨਸ਼ਿਆਂ ਨੂੰ ਨੱਥ ਪਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋਏ, ਕਈਆਂ ਮੁਲਜ਼ਮਾਂ ਨੂੰ ਸਲਾਖਾਂ ਪਿੱਛੇ ਕੀਤਾ ਹੈ । ਇਹਨਾਂ ਸ਼ਲਾਘਾਯੋਗ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਵਿਭਾਗ ਵੱਲੋਂ


ਇੰਸਪੈਕਟਰ ਤੋਂ ਤਰੱਕੀ ਦੇ ਕੇ ਡੀ.ਐਸ.ਪੀ. ਬਣਾਏ ਹਰਗੁਰਦੇਵ ਸਿੰਘ

ਉਹਨਾਂ ਨੂੰ ਤਰੱਕੀ ਦੇ ਕੇ ਡੀ ਐੱਸ ਪੀ ਬਣਾਇਆ ਹੈ। ਜਿਸ ਨੂੰ ਲੈਣ ਕੇ ਜੰਡਿਆਲਾ ਗੁਰੂ ਦੇ ਵਾਸੀਆਂ ਵਿੱਚ ਖ਼ੁਸੀ ਦੀ ਲਹਿਰ ਹੈ। ਉਹਨਾਂ ਕਿਹਾ ਕਿ ਈਮਾਨਦਾਰੀ ਤੇ ਤਨਦੇਹੀ ਨਾਲ ਨੌਕਰੀ ਕਰਨ ਵਾਲੇ ਪੁਲਿਸ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਗਾਤਾਰ ਤਰੱਕੀਆਂ ਦਿੰਦੇ ਰਹਿਣਾ ਚਾਹੀਦਾ ਹੈ। ਜਦੋਂ ਕਿ ਪੰਜਾਬ ਸਰਕਾਰ ਦੇ ਰਹੀ ਹੈ। ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ। ਇਸ ਦੌਰਾਨ ਰਾਜਵੀਰ ਸਮਰਾ (ਏਕਲ ਗੱਡਾ )ਦੇ ਨਾਲ ਹਰਗੁਰਦੇਵ ਸਿੰਘ ਨੂੰ ਇੰਸਪੈਕਟਰ ਤੋਂ ਡੀ ਐੱਸ ਪੀ ਬਣਾਏ ਜਾਣ ਤੇ ਮਾਸਟਰ ਜੋਗਿੰਦਰ ਸਿੰਘ ਸਮਰਾ, ਬਿੱਟੂ ਢੇਸੀ, ਹਰਿੰਦਰਪਾਲ ਸਿੰਘ ਟਿੱਕਾ ਨਾਰਵੇ, ਗੁਰਵਿੰਦਰ ਸਿੰਘ ਸੰਧੂ, ਪਲਵਿੰਦਰ ਸਿੰਘ ਸੰਧੂ, ਸੋਨੂੰ ਗਿੱਲ ,ਬਲਦੇਵ ਸਿੰਘ ਰਵੀ ਆਦਿ ਨੇ ਵਧਾਈ ਦਿੱਤੀ ਹੈ।

# ਸੁਲਤਾਨਪੁਰ ਲੋਧੀ ਦੇ ਬੁਹਪੱਖੀ ਵਿਕਾਸ ਲਈ ਸੰਤ ਸੀਚੇਵਾਲ ਨੇ ਕੇਂਦਰੀ ਮੰਤਰੀ ਖੱਟਰ ਨਾਲ ਕੀਤੀ ਮੁਲਾਕਾਤ

## ਵੱਖ-ਵੱਖ ਸਕੀਮਾਂ ਰਾਹੀਂ ਸੁਲਤਾਨਪੁਰ ਲੋਧੀ ਦੀ ਬਦਲੀ ਜਾਵੇਗੀ ਨੁਹਾਰ


ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ।

**ਕਪੂਰਥਲਾ (ਕੌੜਾ)-** ਰਾਜ ਸਭਾ ਮੈਂਬਰ ਅਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਕੇਂਦਰੀ ਅਵਾਸ, ਸ਼ਹਿਰੀ ਮਾਮਲਿਆਂ ਬਾਰੇ ਅਤੇ ਬਿਜਲੀ ਮੰਤਰੀ ਸ਼੍ਰੀ ਮਨੋਹਰ ਲਾਲ ਖੱਟਰ ਨਾਲ ਸੁਲਤਾਨਪੁਰ ਲੋਧੀ ਦੇ ਵਿਕਾਸ ਸਬੰਧੀ ਮੁਲਾਕਾਤ ਕੀਤੀ। ਚੰਡੀਗੜ੍ਹ ਵਿਖੇ ਹਰਿਆਣਾ ਨਿਵਾਸ ਵਿੱਚ ਅੱਧੇ ਘੰਟੇ ਤੋਂ ਵੱਧ ਚੱਲੀ ਇਸ ਮੀਟਿੰਗ ਦੌਰਾਨ ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ ਦੇ ਵਿਕਾਸ ਕਾਰਜਾਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ, ਵਿਭਾਗ ਦੇ ਪ੍ਰਿੰਸੀਪਲ ਸਕੱਤਰ ਤੇਜ਼ਬੀਰ ਸਿੰਘ, ਆਈ.ਏ.ਐਸ ਦੀਪਤੀ ਉੱਪਲ ਅਤੇ ਮੀਟਿੰਗ ਦੇ ਪ੍ਰਬੰਧਕ ਡਾ: ਪ੍ਰਭਲੀਨ ਸਿੰਘ ਵੀ ਹਾਜ਼ਰ ਸਨ। ਯਾਦ ਰਹੇ ਕੇ ਕੇਂਦਰ ਸਰਕਾਰ ਨੇ ਸਾਲ 2019 ਵਿੱਚ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਐਲਾਨਿਆ ਸੀ। ਦੋ ਸਾਲ 2020 ਤੇ 2021 ਕਰੋਨਾ ਦੀ ਭੇਂਟ ਚੜ ਗਏ ਜਿਸ ਕਾਰਣ ਇਹਨਾਂ ਦੋ ਸਾਲਾਂ ਵਿੱਚ ਕੋਈ ਕੰਮ ਨਹੀਂ ਹੋ ਸਕਿਆ। ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨੇ ਸਪੱਸ਼ਟ ਕੀਤਾ ਕਿ ਹੁਣ ਇਸ ਸਕੀਮ ਦੀ ਮਿਆਦ 31 ਮਾਰਚ 2025 ਤੱਕ ਸੀ। ਸ਼੍ਰੀ ਖੱਟਰ ਨੇ ਦੱਸਿਆ ਕਿ ਉਨ੍ਹਾਂ ਹਰਿਆਣੇ ਦੇ ਮੁੱਖ ਮੰਤਰੀ ਹੁੰਦਿਆਂ ਸੁਲਤਾਨਪੁਰ ਲੋਧੀ ਅਤੇ ਸੀਚੇਵਾਲ ਦਾ ਦੌਰਾ ਕੀਤਾ ਸੀ। ਉਦੋਂ ਉਸ ਦੌਰੇ ਦਾ ਮੰਤਵ ਹਰਿਆਣਾ ਵਿੱਚ ਸੁਰਜੀਤ ਕੀਤੀ ਜਾ ਰਹੀ ਸਰਸਵਤੀ ਨਦੀ ਦੇ ਵਹਾਅ ਨੂੰ ਲਗਾਤਾਰਤਾ ਵਿੱਚ ਵਹਿਣ ਦਾ ਤਜ਼ਰਬਾ ਹਾਸਲ ਕਰਨਾ ਸੀ, ਜਿਵੇਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅਣਥੱਕ ਮਿਹਨਤ ਕਰਦਿਆਂ ਬਾਬੇ ਨਾਨਕ ਦੀ ਪਵਿੱਤਰ ਵੇਈਂ ਨੂੰ ਮੁੜ ਨਿਰਮਲ ਬਣਾ ਦਿੱਤਾ ਹੈ।ਸ਼੍ਰੀ ਖੱਟਰ ਨੇ ਕਿਹਾ ਕਿ ਪਵਿੱਤਰ ਵੇਈਂ ਦੇ ਆਲੇ-ਦੁਆਲੇ ਪੱਥਰ ਲਗਾਉਣ ਦਾ ਜਿਹੜਾ ਕੰਮ ਰਹਿ ਗਿਆ ਹੈ, ਉਸ ਨੂੰ ਕੇਂਦਰ ਦੇ ਹੋਰ ਵਿਭਾਗਾਂ ਦੀਆਂ ਚੱਲ ਰਹੀਆਂ ਸਕੀਮਾਂ ਰਾਹੀਂ ਕਰਨ ਦੇ ਯਤਨ ਕੀਤੇ ਜਾਣਗੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਹਿਰਾਮ ਦੀ ਮੀਟਿੰਗ ਹੋਈ

**ਬੰਗਾ (ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰ 295 ਜ਼ਿਲ੍ਹਾ ਸ.ਭ.ਸ.ਨਗਰ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾ ਜਤਿੰਦਰ ਸਹਿਗਲ ਦੀ ਪ੍ਰਧਾਨਗੀ ਵਿੱਚ ਬਹਿਰਾਮ ਵਿਖੇ ਹੋਈ ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਮੀਟਿੰਗ ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ 28 ਵੀ ਵਰੇਗੰਡ ਨੂੰ ਸਮਰਪਿਤ ਕੀਤੀ ਜਾਂਦੀ ਹੈ। ਇਸ ਮੌਕੇ ਐਸੋਸੀਏਸ਼ਨ ਦੀ 28 ਵੀ ਵਰੇਗੰਡ ਤੇ ਕੇਕ ਕੱਟ ਕੇ ਅਤੇ ਮਠਿਆਈ ਵੰਡ ਕੇ ਖ਼ੁਸ਼ੀ ਮਨਾਈ। ਇਸ ਮੌਕੇ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਹਾਜਰ ਹੋਏ ਜ਼ਿਲ੍ਹਾ ਪ੍ਰਧਾਨ ਡਾ ਬਲਕਾਰ ਕਟਾਰੀਆ ਨੇ ਐਸੋਸੀਏਸ਼ਨ ਦੀਆਂ ਪ੍ਰਾਪਤੀਆਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਨੇ 28 ਸਾਲ ਵਿੱਚ ਮਿਹਨਤ ਕਰਕੇ ਬੁਲੰਦੀਆਂ ਨੂੰ ਛੂਹਿਆ ਅਤੇ ਸਰਕਾਰਾਂ ਦੇ ਹਿਟਲਰ ਸਾਰੀ ਹਾਕਮਾਂ ਦਾ ਵਿਰੋਧ ਕਰਕੇ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ



ਕਲੀਨਕਾ ਦੀ ਰਾਖੀ ਕੀਤੀ ਅਤੇ ਪ੍ਰੈਕਟੀਸ਼ਨਰਾ ਦੀ ਰਸਪਿਕਟ ਨੂੰ ਬਰਕਰਾਰ ਰੱਖਿਆ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਜਾਇਜ਼ ਮੰਗਾਂ ਮੰਨਕੇ ਗਰੀਬ ਅਤੇ ਲੋੜਵੰਦ ਮਰੀਜ਼ਾਂ ਦੀਆਂ ਸਸਤੀਆਂ ਸਿਹਤ ਸਹੂਲਤਾਂ ਨੂੰ ਬਰਕਰਾਰ ਰੱਖਿਆ ਜਾਵੇ। ਉਨ੍ਹਾਂ ਕਿਹਾ ਸਰਕਾਰ ਦੇ ਯੁੱਧ ਨਸ਼ਿਆਂ ਵਿਰੁਧ ਦਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਸਮਰਥਨ ਕਰਦੀ ਹੈ ਅਤੇ ਇਸ ਯੁੱਧ ਲਈ ਆਪਣੀਆਂ ਸੇਵਾਵਾਂ ਦੇਣ ਲਈ ਤਿਆਰ ਹੈ। ਇਸ ਮੌਕੇ ਸਟੇਟ ਵਾਈਸ ਪ੍ਰੈਜੀਡੈਂਟ ਡਾ ਬਲਵੀਰ ਗਰਚਾ ਅਤੇ ਬਲਾਕ ਬੰਗਾ ਦੇ ਪ੍ਰਧਾਨ ਡਾ ਅਮ੍ਰਤਲਾਲ ਰਾਣਾ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਡਾ ਬਲਵੀਰ ਗਰਚਾ ਅਤੇ ਡਾ ਅਮ੍ਰਤਲਾਲ ਰਾਣਾ ਨੇ ਸਾਂਝੇ ਬਿਆਨ ਵਿੱਚ ਕਿਹਾ ਜੇਕਰ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ ਤਾਂ ਲੁਧਿਆਣਾ ਉਪ ਚੋਣ ਵਿਚ ਪੰਜਾਬ ਸਰਕਾਰ ਦੇ ਉਮੀਦਵਾਰ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਡਾ ਸਤਨਾਮ ਜੌਹਲ, ਡਾ ਜਗਦੀਸ਼ ਬੰਗੜ, ਡਾ ਹੁਸਨ ਲਾਲ, ਡਾ ਰਛਪਾਲ ਭੱਟੀ, ਡਾ ਬਲਕਾਰ ( ਚੱਕ ਬਿਲਗਾ) , ਡਾ ਰਵੀ ਕੁਮਾਰ, ਡਾ ਸਨੀ, ਡਾ ਰਵੀ, ਡਾ ਰਛਪਾਲ ਗੁਲਾਬਗੜੀਆ, ਡਾ ਸੰਜੈ ਕਪਿਲ, ਡਾ ਰਜਿੰਦਰ ਸੋਧੀ , ਡਾ ਚਰਨਜੀਤ ( ਭਰੋ ਮਜਾਰਾ) , ਡਾ ਅਸ਼ੋਕ ਕੁਮਾਰ ( ਮੁਕੰਦਪੁਰ) , ਡਾ ਧਰਮ ਵੀਰ ( ਰਾਣੀਪੁਰ) , ਡਾ ਪਰਮਜੀਤ ਆਦਿ ਡਾਕਟਰ ਸ਼ਾਮਿਲ ਹੋਏ।

# ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਤਿਆਗ ਅਤੇ ਬਲੀਦਾਨ ਕਰਨਾ ਪਵੇਗਾ: ਪ੍ਰਵੀਨ ਬੰਗਾ









**ਬੰਗਾ ( ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਪਿੰਡ ਮਹੰਤ ਗੁਰਬਚਨ ਦਾਸ ਜੀ( ਫਰਾਲਾ) ਵਿਖੇ ਵਿਸ਼ਵ ਰਤਨ ਡਾ ਅੰਬੇਡਕਰ ਜੀ ਦੇ ਜਨਮਦਿਨ ਨੂੰ ਸਮਰਪਿਤ ਸਮਾਗਮ ਵਿੱਚ ਬਸਪਾ ਪੰਜਾਬ ਦੇ ਜਨਰਲ ਸਕੱਤਰ ਪਰਵੀਨ ਬੰਗਾ ਨੇ ਵਧਾਈ ਦਿੰਦਿਆਂ ਡਾ ਅੰਬੇਡਕਰ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਉਨ੍ਹਾਂ ਦੇ ਤਿਆਗ ਬਲਿਦਾਨ ਵਾਲੇ ਅਸੂਲਾਂ ਤੇ ਪਹਿਰਾਂ ਦੇਣਾ ਪਵੇਗਾ ਤਾਂ ਬਹੁਜਨ ਸਮਾਜ ਨੂੰ ਸ਼ਾਸਕ ਬਣਾਉਣ ਲਈ ਡਰਗ ਮਾਫੀਆ ਦੇ ਖਿਲਾਫ਼ ਪੰਜਾਬ ਸੰਭਾਲੋ ਮੁਹਿੰਮ ਨੂੰ ਸਹਿਯੋਗ ਤੇ ਅਸ਼ੀਰਵਾਦ ਦੇਣ ਦੀ ਅਪੀਲ ਕੀਤੀ ਅਤੇ ਚਰਨਜੀਤ ਮੰਢਾਲੀ ਜਨਰਲ ਸਕੱਤਰ ਹਲਕਾ ਬੰਗਾ ਨੇ ਕਿਹਾ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਦੇਣ ਅਸੀਂ ਨਹੀਂ ਦੇ ਸਕਦੇ ਪਰ ਉਨ੍ਹਾਂ ਦੇ ਦੱਸੇ ਹੋਏ ਰਸਤੇ ਉੱਪਰ ਚੱਲਣ ਦੀ ਕੋਸ਼ਿਸ਼ ਕਰ ਸਕਦੇ ਹਾਂ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਓ ਅਤੇ ਅੰਧਵਿਸ਼ਵਾਸ ਵਿੱਚੋਂ ਕੱਢੋ ਅਤੇ ਸੋਢੀ ਰਾਣਾ ਦੀ ਅਗਵਾਈ ਵਿੱਚ ਪ੍ਰਗਤੀ ਕਲਾਂ ਕੇਂਦਰ ਲਾਦੜਾ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਵਾਰੇ ਆਪਣੀ ਕਲਾਂ ਰਾਹੀਂ ਸਟੇਜ ਨੂੰ ਬੰਨ ਦਿੱਤਾ ਲੱਗਦਾ ਸੀ,ਕੋਰੀਓਗ੍ਰਾਫੀ ਇੱਕ ਦੂਜੇ ਤੋਂ ਵਧੀਆ ਸੀ ।ਇਨ੍ਹਾਂ ਦੇ ਨਾਲ ਦਰਸ਼ਨ ਬਹਿਰਾਮ, ਤੀਰਥ ਕਲਸੀ ਬਹਿਰਾਮ, ਦੇਸ਼ ਰਾਜ ਬਸਰਾ ਚੱਕ ਮੰਡੇਰ,ਡਾ ਬੀ ਆਰ ਅੰਬੇਡਕਰ ਵੈੱਲਫੇਅਰ ਕਲੱਬ ਦੇ ਪ੍ਰਧਾਨ ਮਨਦੀਪ ਕੁਮਾਰ,ਉਪ ਪ੍ਰਧਾਨ ਗੁਰਪ੍ਰੀਤ ਸਿੰਘ, ਸੈਕਟਰੀ ਸਿਮਰਨਜੀਤ, ਕੈਸ਼ੀਅਰ ਪਲਵਿੰਦਰ ਸਿੰਘ ਕੈਸ਼ੀਅਰ ਕਮਲਦੀਪ ਸਿੰਘ, ਮੈਂਬਰ ਸੁਸ਼ੀਲ ਕੁਮਾਰ, ਬਲਿਹਾਰ ਚੰਦ, ਸਰਪੰਚ ਕੁਲਵਿੰਦਰ ਕੌਰ,ਪੰਚ ਬਖ਼ਸ਼ੇ,ਪੰਚ ਲਾਹੌਰੀ ਲਾਲ, ਮਨਦੀਪ ਸਿੰਘ,ਨੰਦ ਲਾਲ, ਹਰਜਿੰਦਰ ਤੋਤਾ,ਅਮਰੀਕ ਚੰਦ,ਡਾ ਅੰਮ੍ਰਿਤ ਲਾਲ ਰਾਣਾਂ, ਬਲਜਿੰਦਰ ਸਿੰਘ ਸੋਨੂੰ, ਰਾਮ ਆਸਰਾ ਜੀਵਾਂ, ਕਮਲਜੀਤ ਜਮਲਾ, ਪ੍ਰੇਮ ਚੰਦ,ਕੇਹਰ ਚੰਦ, ਡੇਰਾ ਬਾਬਾ ਦੁੱਧਾਂਧਾਰੀ ਜੀ, ਪ੍ਰਕਾਸ਼ ਚੰਦ ਫਰਾਲਾ ਮੰਚ ਦਾ ਸੰਚਾਲਨ ਬਹੁਤ ਹੀ ਵਧੀਆ ਢੰਗ ਨਾਲ ਚਲਾਇਆ।

# ਭਲਕੇ ਉੱਤਰੀ ਰੇਲਵੇ ਇੰਪਲਾਈਜ਼ ਯੂਨੀਅਨ(ਐੱਨ ਆਰ ਈ ਯੂ) ਦਾ ਜ਼ੋਨਲ ਤ੍ਰੈ-ਸਾਲਾਨਾ ਪੰਜਵਾਂ ਇਜਲਾਸ ਜਲੰਧਰ ਵਿਖੇ ਹੋਵੇਗਾ

## ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦੇ ਸੈਂਕੜੇ ਕਰਮਚਾਰੀ ਹੋਣਗੇ ਇਜਲਾਸ ਵਿੱਚ ਸ਼ਾਮਿਲ

**ਕਪੂਰਥਲਾ (ਕੌੜਾ)-** ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦੇ ਸੈਂਕੜੇ ਕਰਮਚਾਰੀ 9 ਜੂਨ ਨੂੰ ਜਲੰਧਰ ਵਿਖੇ ਨਾਰਦਨ ਰੇਲਵੇ ਇੰਪਲਾਈਜ਼ ਯੂਨੀਅਨ(ਐੱਨ ਆਰ ਈ ਯੂ) ਦੇ ਜ਼ੋਨਲ ਤ੍ਰੈ-ਸਾਲਾਨਾ ਪੰਜਵੇਂ ਇਜਲਾਸ ਵਿੱਚ ਸ਼ਾਮਲ ਹੋਣਗੇ।ਕਪੂਰਥਲਾ ਨਾਰਦਨ ਰੇਲਵੇ ਇੰਪਲਾਈਜ਼ ਯੂਨੀਅਨ ਦਾ ਬਹੁ-ਪ੍ਰਤੀਤਿਖਤ ਜ਼ੋਨਲ ਤ੍ਰੈ-ਸਾਲਾਨਾ ਪੰਜਵਾਂ ਇਜਲਾਸ 09 ਜੂਨ, 2025 ਨੂੰ ਜਲੰਧਰ ਵਿਖੇ ਹੋਣ ਜਾ ਰਿਹਾ ਹੈ। ਇਸ ਮਹੱਤਵਪੂਰਨ ਮੌਕੇ 'ਤੇ, ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦੇ ਸੈਂਕੜੇ ਕਰਮਚਾਰੀ ਵੀ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਅਤੇ ਰੇਲਵੇ ਕਰਮਚਾਰੀਆਂ ਦੀ ਏਕਤਾ ਪ੍ਰਦਰਸ਼ਿਤ ਕਰਨ ਲਈ ਜਲੰਧਰ ਪਹੁੰਚਣਗੇ। ਇਹ ਇਜਲਾਸ ਕਰਮਚਾਰੀਆਂ ਲਈ ਇੱਕ ਮਹੱਤਵਪੂਰਨ ਮੰਚ ਸਾਬਤ ਹੋਵ- ੇਗਾ, ਜਿੱਥੇ ਉਹ ਆਪਣੀਆਂ ਮੰਗਾਂ ਅਤੇ ਚਿੰਤਾਵਾਂ ਨੂੰ ਮਜ਼ਬੂਤੀ ਨਾਲ ਰੱਖਣਗੇ।

ਇਸ ਸਬੰਧ ਵਿੱਚ ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਨੇ ਵਰਕਿੰਗ ਕਮੇਟੀ ਦੀ ਮੀਟਿੰਗ ਕਰਕੇ ਕਰਮਚਾਰੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਜਲੰਧਰ ਵਿੱਚ ਇਜਲਾਸ ਦੇ ਅੰਦਰ ਪਹੁੰਚਣ ਦਾ ਸੱਦਾ ਦਿੱਤਾ ਅਤੇ ਸੰਘਰਸ਼ ਦੀ ਯੋਜਨਾ ਤਿਆਰ ਕੀਤੀ। ਆਰ.ਸੀ.ਐਫ. (ਰੇਲ ਕੋਚ ਫੈਕਟਰੀ) ਦੇ ਕਰਮਚਾਰੀ ਇਸ ਇਤਿਹਾਸਕ ਇਜਲਾਸ ਵਿੱਚ ਆਪਣੀ ਭਾਗੀਦਾਰੀ ਯਕੀਨੀ ਬਣਾਉਣਗੇ, ਜੋ ਰੇਲਵੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਪ੍ਰਤੀ ਉਨ੍ਹਾਂ ਦੀ ਏਕਤਾ ਅਤੇ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਆਰ.ਸੀ.ਐਫ. ਇੰਪਲਾਈਜ਼



ਯੂਨੀਅਨ ਦਾ ਮੰਨਣਾ ਹੈ ਕਿ ਰੇਲਵੇ ਦੇ ਸਾਰੇ ਮੰਡਲਾਂ ਅਤੇ ਇਕਾਈਆਂ ਦੇ ਕਰਮਚਾਰੀਆਂ ਦਾ ਇਕੱਠੇ ਆਉਣਾ ਮੌਜੂਦਾ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਬਹੁਤ ਜ਼ਰੂਰੀ ਹੈ।

ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਅਤੇ ਨਾਰਦਨ ਰੇਲਵੇ ਇੰਪਲਾਈਜ਼ ਯੂਨੀਅਨ ਨੇ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਅਤੇ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਨਾਲ ਮਿਲ ਕੇ ਰੇਲਵੇ ਕਰਮਚਾਰੀਆਂ ਦੇ ਅਧਿਕਾਰਾਂ ਲਈ ਕਈ ਵੱਡੇ ਸੰਘਰਸ਼ਾਂ ਦੀ ਸ਼ੁਰੂਆਤ ਕੀਤੀ ਹੈ। ਇਨ੍ਹਾਂ ਸੰਗਠਨਾਂ ਨੇ ਲਗਾਤਾਰ ਕਰਮਚਾਰੀਆਂ ਦੇ ਹਿੱਤਾਂ ਲਈ ਆਵਾਜ਼ ਉਠਾਈ ਹੈ ਅਤੇ ਭਵਿੱਖ ਵਿੱਚ ਵੀ ਇਸੇ ਇਕਜੁੱਟ ਭਾਵਨਾ ਨਾਲ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਲਿਆ ਹੈ।ਇਸ ਇਜਲਾਸ ਵਿੱਚ ਮੁੱਖ ਤੌਰ 'ਤੇ ਨੈਸ਼ਨਲ ਪੈਨਸ਼ਨ ਸਿਸਟਮ ਅਤੇ ਯੂਨੀਫਾਰਮ ਪੈਨਸ਼ਨ ਸਿਸਟਮ ਨਾਲ ਜੁੜੇ ਮੁੱਦਿਆਂ, ਰੇਲਵੇ ਦੇ ਨਿੱਜੀਕਰਨ ਦੇ ਖਿਲਾਫ, ਅਤੇ ਹਾਲ ਹੀ ਵਿੱਚ ਲਾਗੂ ਕੀਤੇ ਗਏ ਚਾਰ ਲੇਬਰ ਕੋਡਸ ਦੇ ਵਿਰੋਧ ਵਿੱਚ ਆਪਣੀ ਆਵਾਜ਼ ਉਠਾਈ ਜਾਵੇਗੀ। ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਵੀ ਇਨ੍ਹਾਂ ਸਾਰੇ ਮੁੱਦਿਆਂ 'ਤੇ ਐੱਨ ਆਰ ਈ ਯੂ ,ਆਈ ਆਰ ਈ ਐੱਫ,ਆਈ ਆਰ ਈ ਐੱਫ, ਅਤੇ ਐੱਨ ਐੱਮ ਓਪੀ ਐੱਸ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਅਤੇ ਇਨ੍ਹਾਂ ਨੀਤੀਆਂ ਨੂੰ ਕਰਮਚਾਰੀਆਂ ਦੇ ਭਵਿੱਖ ਅਤੇ ਉਨ੍ਹਾਂ ਦੀ ਸਮਾਜਿਕ ਸੁਰੱਖਿਆ 'ਤੇ ਸਿੱਧਾ ਨਕਾਰਾਤਮਕ ਪ੍ਰਭਾਵ ਪਾਉਣ ਵਾਲਾ ਮੰਨਦੀ ਹੈ।

ਇਹ ਇਜਲਾਸ ਉਸੇ ਸਾਂਝੇ ਸੰਘਰਸ਼ ਦਾ ਇੱਕ ਮਹੱਤਵਪੂਰਨ ਹਿੱਸਾ ਹੈ । ਜਿੱਥੇ ਸਾਰੇ ਸੰਗਠਨ ਮਿਲ ਕੇ ਕਰਮਚਾਰੀਆਂ ਦੀ ਆਵਾਜ਼ ਨੂੰ ਹੋਰ ਬੁਲੰਦ ਕਰਨਗੇ ਅਤੇ ਸਰਕਾਰ ਤੇ ਰੇਲਵੇ ਪ੍ਰਸ਼ਾਸਨ ਤੋਂ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਸੱਦਾ ਦਿੱਤਾ ਜਾਵੇਗਾ।ਇਸ ਇਜਲਾਸ ਦਾ ਮੁੱਖ ਉਦੇਸ਼ ਕਰਮਚਾਰੀਆਂ ਦੇ ਵੱਖ-ਵੱਖ ਮੁੱਦਿਆਂ 'ਤੇ ਡੂੰਘਾਈ ਨਾਲ ਚਰਚਾ ਕਰਨਾ, ਭਵਿੱਖ ਦੀ ਰਣਨੀਤੀ ਤਿਆਰ ਕਰਨਾ ਅਤੇ ਰੇਲਵੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਇੱਕ ਮਜ਼ਬੂਤ ਅਤੇ ਏਕੀਕ੍ਰਿਤ ਅੰਦੋਲਨ ਨੂੰ ਆਕਾਰ ਦੇਣਾ ਹੈ। ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦੇ ਕਰਮਚਾਰੀ ਇਸ ਇਜਲਾਸ ਨੂੰ ਇੱਕ ਮੌਕੇ ਵਜੋਂ ਦੇਖ ਰਹੇ ਹਨ ਤਾਂ ਕਿ ਉਹ ਆਪਣੀ ਸਮੂਹਿਕ ਸ਼ਕਤੀ ਦਾ ਪ੍ਰਦਰਸ਼ਨ ਕਰ ਸਕਣ ਅਤੇ ਇਹ ਯਕੀਨੀ ਬਣਾ ਸਕਣ ਕਿ ਉਨ੍ਹਾਂ ਦੀ ਆਵਾਜ਼ ਅਣਸੁਣੀ ਨਾ ਰਹੇ।

# ਬਿਹਾਰ ਦੀਆਂ ਸਾਰੀਆਂ 243 ਸੀਟਾਂ ’ਤੇ ਚੋਣਾਂ ਲੜਾਂਗਾ : ਚਿਰਾਗ ਪਾਸਵਾਨ

**ਆਰਾ ।** ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਐਤਵਾਰ ਨੂੰ ਆਰਾ ਦੇ ਵੀਰ ਕੁੰਵਰ ਸਿੰਘ ਸਟੇਡੀਅਮ ’ਚ ਨਵ ਸੰਕਲਪ ਮਹਾਸਭਾ ਨੂੰ ਸੰਬੋਧਨ ਕਰਦੇ ਹੋਏ ਬਿਹਾਰ ’ਚ ਚੋਣਾਂ ਲੜਨ ਬਾਰੇ ਗੱਲ ਕੀਤੀ ਅਤੇ ਕਿਹਾ ਕਿ ‘ਹਾਂ ਮੈਂ ਚੋਣਾਂ ਲੜਾਂਗਾ ਅਤੇ ਬਿਹਾਰ ਦੀਆਂ ਸਾਰੀਆਂ 243 ਸੀਟਾਂ ’ਤੇ ਚੋਣ ਲੜਾਂਗਾ। ਮੇਰੇ ਅਪਣੇ ਲੋਕਾਂ ਨੇ ਮੈਨੂੰ ਘਰ ਅਤੇ ਪਾਰਟੀ ’ਚੋਂ ਕੱਢ ਦਿਤਾ, ਪਰ ਬਿਹਾਰ ਦੇ ਸਾਰੇ ਲੋਕ ਮੇਰਾ ਪਰਵਾਰ ਹਨ। ਮੈਂ ਅਪਣੇ ਅਜ਼ੀਜ਼ਾਂ ਦੀ ਖ਼ਾਤਰ ਚੋਣਾਂ ਲੜਾਂਗਾ।’ ਉਨ੍ਹਾਂ ਕਿਹਾ, ‘‘ਮੇਰਾ ਇਰਾਦਾ ਹੈ ਕਿ ਮੈਂ ਬਿਹਾਰ ਨੂੰ ਦੇਸ਼ ਦਾ ਨੰਬਰ 1 ਸੂਬਾ ਬਣਾਵਾਂਗਾ। ਮੈਂ ਉਦੋਂ ਤਕ ਚੈਨ ਨਾਲ ਨਹੀਂ ਬੈਠਾਂਗਾ ਜਦੋਂ ਤਕ ਮੈਂ ਬਿਹਾਰ ਨੂੰ ਵਿਕਸਤ ਰਾਜ ਨਹੀਂ ਬਣਾ ਦਿੰਦਾ। ਇਹ ਤੁਹਾਡੇ ਸਾਰਿਆਂ ’ਤੇ ਨਿਰਭਰ ਕਰਦਾ ਹੈ ਕਿ ਮੈਨੂੰ ਬਿਹਾਰ ਵਿਧਾਨ ਸਭਾ ਚੋਣਾਂ ਕਿੱਥੋਂ ਲੜਨੀਆਂ ਚਾਹੀਦੀਆਂ ਹਨ। ਮੈਂ ਬਿਹਾਰ ਤੋਂ ਚੋਣ ਲੜਨ ਦਾ ਫੈਸਲਾ ਤੁਹਾਡੇ ਸਾਰਿਆਂ ’ਤੇ ਛੱਡਦਾ ਹਾਂ। ’’ ਉਨ੍ਹਾਂ ਕਿਹਾ, ‘‘ਵਿਰੋਧੀ ਧਿਰ ਦੇ ਨੇਤਾ ਭੁੱਲ ਗਏ ਹਨ ਕਿ ਮੈਂ ਸ਼ੇਰ ਦਾ ਪੁੱਤਰ ਹਾਂ ਅਤੇ ਹਮੇਸ਼ਾ ਮੁੱਦਿਆਂ ਬਾਰੇ ਗੱਲ ਕਰਦਾ ਹਾਂ। ਮੇਰਾ ਵਾਅਦਾ ਹੈ ਕਿ ਮੈਂ ਬਿਹਾਰ ਨੂੰ ਅੱਗੇ ਲੈ ਜਾਵਾਂਗਾ। ਮੇਰਾ ਸਿਰਫ਼ ਇੱਕ ਹੀ ਟੀਚਾ ਹੈ - ਵਿਕਸਤ ਬਿਹਾਰ, 'ਬਿਹਾਰ ਪਹਿਲਾਂ, ਬਿਹਾਰ ਪਹਿਲਾਂ'। ਅਸੀਂ 5 ਸਾਲਾਂ ਲਈ ਆਪਣੀ ਲੀਡਰਸ਼ਿਪ ਚੁਣਨ ਦਾ ਸੰਕਲਪ ਲਵਾਂਗੇ। ਅਜਿਹੀ ਸਥਿਤੀ ਵਿੱਚ, ਇਹ ਸਾਲ ਸਾਡੇ ਸਾਰਿਆਂ ਲਈ ਇੱਕ ਮਹੱਤਵਪੂਰਨ ਸਾਲ ਬਣ ਜਾਂਦਾ ਹੈ, ਇਹ ਸਾਲ 5 ਸਾਲਾਂ ਦਾ ਭਵਿੱਖ ਨਿਰਧਾਰਤ ਕਰੇਗਾ। ਇਹ 5 ਸਾਲ ਕਿਸੇ ਵੀ ਵਿਅਕਤੀ ਦੇ ਜੀਵਨ ਵਿੱਚ ਬਹੁਤ ਮਹੱਤਵ ਰੱਖਦੇ ਹਨ। ਅੱਜ, ਜਦੋਂ ਅਸੀਂ ਵਿਧਾਨ ਸਭਾ ਚੋਣਾਂ ਦੀ ਦਹਿਲੀਜ਼ 'ਤੇ ਹਾਂ, ਬਿਹਾਰ ਵਿੱਚ ਕੁਝ ਦਿਨਾਂ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਅਜਿਹੀ ਸਥਿਤੀ ਵਿੱਚ, ਬਹੁਤ ਸਾਰੇ ਸਿਆਸਤਦਾਨ ਤੁਹਾਡੇ ਵਿਚਕਾਰ ਆਉਣਗੇ ਅਤੇ ਆਪਣੇ ਵਿਚਾਰ ਰੱਖਣਗੇ। ਪਰ ਮੈਂ ਚਾਹੁੰਦਾ ਹਾਂ ਕਿ ਜਦੋਂ ਉਹ ਤੁਹਾਡੇ ਵਿਚਕਾਰ ਆਵੇ, ਤੁਸੀਂ ਇਹ ਸਵਾਲ ਪੁੱਛੋ ਕਿ ਇਨ੍ਹਾਂ ਲੋਕਾਂ ਨੇ ਇੰਨੇ ਸਾਲਾਂ ਵਿੱਚ ਲੋਕਾਂ ਲਈ ਕੀ ਕੀਤਾ ਹੈ।

## ਤੂੰ ਕਾਹਦਾ ਮਾਣ ਕਰੇਂ ਬੰਦਿਆ

ਤੂੰ ਇੱਕ ਦਿਨ ਘੜੀ ਦੀਆਂ
ਸੂਈਆਂ ਵਾਂਗੂੰ ਖੜ੍ਹ 'ਜੇਂਗਾ ।
ਜਿਓਂ ਕਿੱਕਰ ਦੀ ਲੁੰਗ ਝੜਦੀ
ਓਸ ਤਰ੍ਹਾਂ ਝੜ 'ਜੇਂਗਾ ।
ਤੈਨੂੰ ਤੇਰੇ ਵਾਰਸਾਂ ਨੇ ਹੀ
ਅੱਗ ਦੀ ਭੇਂਟ ਚੜ੍ਹਾ ਦੇਣਾ ;
ਫ਼ਿਰ ਚੜ੍ਹ ਕੇ ਹਵਾ ਘਨੇੜੇ
ਵਿਰਲਾਂ ਦੇ ਵਿੱਚ ਵੜ 'ਜੇਂਗਾ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਮੁਖੜਾ ਉਸ ਦਾ ਸੋਹਣਾ....

ਮੁਖੜਾ ਉਸ ਦਾ ਸੋਹਣਾ ਤੇ ਵਾਲ ਕੱਕੇ ਕੱਕੇ।
ਸੁਪਨੇ ਉਸ ਦੇ ਸੂਹੇ ਸੂਹੇ ਐਪਰ ਥੱਕੇ ਥੱਕੇ।

ਸੋਚਾਂ, ਫ਼ੋਨ ਦੀ ਸਕ੍ਰੀਨ ਕਿਵੇਂ ਹੈ ਗਿੱਲੀ,
ਹੰਝੂਆਂ ਨਾਲ ਨੈਣ ਨੇ ਉਸ ਦੇ ਡੱਕੇ ਡੱਕੇ।

ਕੱਚੀ ਉਮਰੇ ਬਿਖ਼ਰ ਗਈ ਉਹ ਸ਼ੀਸ਼ੇ ਜਿਹੀ,
ਰਿਸ਼ਤਿਆਂ ਵਿੱਚੋਂ ਲੱਭੇ ਹੁਣ ਸੁਰ ਪੱਕੇ ਪੱਕੇ।

'ਗਿੱਲ' ਚੁਰਾਅ ਕੇ ਸੁਪਨੇ ਮੇਰੀਆਂ ਰੀਝਾਂ ਦੇ,
ਉਲਟਾ ਆਖੇ ਤੋੜੇ ਨੇ ਤੂੰ ਨਾਤੇ ਸੱਕੇ ਸੱਕੇ।



**ਬੇਅੰਤ ਗਿੱਲ**
(ਭਲੂਰ)
99143-81958

## ਬੁੱਧ ਬਾਣ /ਕਵਿਤਾ

ਕੁੱਟਣ ਨਾਲ ਵਧਦਾ ਹੈ : ਆਤਮਾ
ਬਲ
ਮੈਂ ਕਾਫ਼ੀ ਬਜ਼ੁਰਗ
ਦਾਦਾ ਜੀ ਨੂੰ ਪੁੱਛਿਆ
ਕਿ ਪਹਿਲਾਂ ਲੋਕ ਐਨੇ
ਬੀਮਾਰ ਕਿਉਂ ਨਹੀਂ ਹੁੰਦੇ ਸੀ ?
ਤਾਂ ਦਾਦਾ ਜੀ ਬੋਲੇ
ਪੁੱਤ ਪਹਿਲਾਂ ਅਸੀਂ
ਹਰ ਚੀਜ਼ ਨੂੰ ਕੁੱਟਦੇ ਸੀ
ਜਦੋਂ ਦਾ ਅਸੀਂ ਕੁੱਟਣਾ
ਛੱਡਿਆ ਹੈ, ਉਦੋਂ ਤੋਂ
ਅਸੀਂ ਸਾਰੇ ਬੀਮਾਰ
ਹੋਣ ਲੱਗੇ ਹਾਂ....!
ਮੈਂ ਪੁੱਛਿਆ; ਉਹ ਕਿਵੇਂ?
ਦਾਦਾ ਜੀ ਮੁਸਕਰਾਉਂਦੇ ਹੋਏ
ਜਿਵੇਂ ਪਹਿਲਾਂ ਖੇਤ ਤੋਂ ਅਨਾਜ ਨੂੰ
ਕੁੱਟ ਕੇ ਘਰ ਲਿਆਉਂਦੇ ਸੀ
ਘਰ ਚ ਮਿਰਚ ਮਸਾਲਾ
ਕੁੱਟਦੇ ਸੀ
ਕਦੇ ਕਦੇ ਵੱਡਾ ਭਾਈ
ਛੋਟੇ ਭਰਾ ਨੂੰ
ਕੁੱਟ ਦੇਂਦਾ ਸੀ
ਜਦ ਛੋਟਾ ਭਾਈ
ਉਸ ਦੀ ਸ਼ਿਕਾਇਤ
ਮਾਂ ਨੂੰ ਕਰਦਾ ਸੀ
ਤਾਂ ਮਾਂ, ਬੜੇ ਭਾਈ ਨੂੰ
ਕੁੱਟ ਦੇਂਦੀ ਸੀ
ਤੇ ਕਦੇ ਕਦੇ ਤਾਂ
ਦਾਦਾ ਜੀ ਵੀ
ਪੋਤੇ ਨੂੰ ਕੁੱਟ ਦੇਂਦਾ ਸੀ
ਯਾਨੀ ਕੁੱਲ ਮਿਲਾ ਕੇ
ਕੁੱਟਣ ਦਾ ਸਿਲਸਿਲਾ
ਨਿਰੰਤਰ ਚੱਲਦਾ ਰਹਿੰਦਾ ਸੀ
ਕਦੇ ਮਾਂ, ਬਾਜਰਾ
ਕੁੱਟ ਕੇ
ਸ਼ਾਮ ਨੂੰ ਖਿੱਚੜੀ
ਬਣਾਉਂਦੀ ਸੀ
ਪਹਿਲਾਂ ਅਸੀਂ ਕੱਪੜੇ ਵੀ
ਕੁੱਟ ਕੁੱਟ ਕੇ ਧੋਂਦੇ ਸੀ
ਸਕੂਲ ਵਿੱਚ ਮਾਸਟਰ ਜੀ ਵੀ
ਤਸੱਲੀ ਨਾਲ ਕੁੱਟਦੇ ਸੀ
ਜਿੱਥੇ ਦੇਖੋ ਉਥੇ
ਕੁੱਟਣੇ ਦਾ ਕੰਮ
ਚੱਲਦਾ ਰਹਿੰਦਾ ਸੀ
ਜਿਸ ਨਾਲ ਕਦੇ ਕੋਈ
ਬੀਮਾਰੀ ਨੇੜੇ
ਨਹੀਂ ਆਉਂਦੀ ਸੀ
ਸਭ ਦਾ ਆਤਮ ਵਿਸ਼ਵਾਸ
ਮਜ਼ਬੂਤ ਬਣਿਆ ਰਹਿੰਦਾ ਸੀ
ਜਦੋਂ ਕਦੇ ਬੱਚਾ
ਸਰਦੀ ਵਿੱਚ ਨਹਾਉਣ ਤੋਂ
ਮਨਾ ਕਰਦਾ ਸੀ
ਤਾਂ ਮਾਂ ਪਹਿਲਾਂ ਉਸਨੂੰ
ਕੁੱਟ ਕੇ ਉਸਦਾ ਆਤਮਾ ਵਿਸ਼ਵਾਸ
ਵਧਾਉਂਦੀ ਸੀ
ਫਿਰ ਨਹਾਉਂਦੀ ਸੀ
ਜਦ ਕਦੇ ਬੱਚਾ
ਰੋਟੀ ਖਾਣ ਤੋਂ
ਮਨਾ ਕਰਦਾ ਸੀ
ਉਦੋਂ ਵੀ ਮਾਂ ਪਹਿਲਾਂ
ਕੁੱਟਦੀ ਸੀ
ਫੇਰ ਰੋਟੀ ਖਵਾਉਂਦੀ ਸੀ
ਸਕੂਲ ਤੋਂ ਸ਼ਿਕਾਇਤ ਆਉਂਦੀ
ਤਾਂ ਬਾਪੂ ਕੁੱਟ ਦੇਂਦਾ ਸੀ
ਸਕੂਲ ਜਾਣ ਤੋਂ
ਆਨਾ ਕਾਨੀ ਕੀਤੀ
ਤਾਂ ਮਾਂ ਕੁੱਟ ਦੇਂਦੀ ਸੀ

ਇਸ ਤਰ੍ਹਾਂ ਹੀ ਸਭ ਦੀ
ਆਤਮ ਵਿਸ਼ਵਾਸ
ਕਾਇਮ ਰਹਿੰਦਾ ਸੀ

ਕੁੱਲ ਮਿਲਾ ਕੇ
ਸਭ ਕੁੱਟ ਦੀ ਹੀ
ਮਹਿਮਾ ਹੈ
ਜੋਂ ਅੱਜਕਲ੍ਹ
ਬੰਦ ਹੋ ਗਈ ਹੈ
ਜਿਸ ਕਰਕੇ ਅਸੀਂ ਸਭ ਬੀਮਾਰ
ਜ਼ਿਆਦਾ ਰਹਿਣ ਲੱਗ ਗਏ ਹਾਂ!
ਇਸੇ ਨੂੰ ਕਹਿੰਦੇ ਹਨ, ਕੂਟ ਨੀਤੀ



**ਬੁੱਧ ਸਿੰਘ ਨੀਲੋਂ**

## ਸੱਜਣਾ

ਕੀ ਹੋਇਆ! ਕਾਹਤੋਂ ਰੁੱਸਿਆ ਏਂ ?
ਜਰਾ ਮਨ ਦੀ ਗੱਲ ਤਾਂ ਕਹਿ ਸੱਜਣਾ।

ਸਾਡੀ ਗੁਸਤਾਖ਼ੀ ਦੱਸ ਕੇ ਫਿਰ,
ਮਰਜ਼ੀ ਏ ਰੁੱਸਿਆ ਰਹਿ ਸੱਜਣਾ।

ਤੈਨੂੰ ਗ਼ਮਾਂ ਦਾ ਸਾਂਝੀ ਮੰਨਦੇ ਹਾਂ,
ਹੁਣ ਤੂੰ ਜੋ ਮਰਜ਼ੀ ਕਹਿ ਸੱਜਣਾ।

ਤੇਰੀ ਪੰਗਤ ਦੇ ਵਿੱਚ ਆਏ ਹਾਂ,
ਤੂੰ ਅੱਡ ਹੋ ਕੇ ਨਾ ਬਹਿ ਸੱਜਣਾ।

ਅਸੀਂ ਮੰਨ ਲਿਆ ਰੱਬ ਤੈਨੂੰ ਏ,
ਸਾਥੋਂ ਸ਼ੁਕਰਾਨੇ ਲੈ ਸੱਜਣਾ।

ਇਸ ਰੰਗ ਬਦਲਦੀ ਦੁਨੀਆਂ ਵਿੱਚ,
ਨਾ ਰੰਗਲਾ ਹੋ ਕੇ ਬਹਿ ਸੱਜਣਾ।

**ਧਰਮਿੰਦਰ ਸਾਥੀ**





# ਪੀਰ ਬਾਬਾ ਬੂੜ ਸ਼ਾਹ ਜੀ ਦਾ ਸਲਾਨਾ ਜੋੜ ਸਮਾਪਤ

ਸਾਬਰ ਪੀਰ ਬਾਬਾ ਬੂੜ ਸ਼ਾਹ ਚਿਸ਼ਤੀ ਜੀ ਦਾ ਸਲਾਨਾ ਜੋੜ ਮੇਲਾ ਪਿੰਡ ਕਟਾਰੀਆਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖ਼ੇ ਐਨ ਆਰ ਆਈ ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦਰਬਾਰ ਦੇ ਗੱਦੀ ਨਸ਼ੀਨ ਸਾਈ ਬਾਬਾ ਗੁਰਮੀਤ ਸ਼ਾਹ ਜੀ ਚਿਸ਼ਤੀ ਦੀ ਦੇਖ ਰੇਖ ਹੇਠ 7 ਅਤੇ 8 ਜੂਨ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਮੇਲੇ ਦੇ ਪਹਿਲੇ ਦਿਨ ਕਵਾਲ ਅਤੇ ਨਕਲਾਂ ਦਾ ਪ੍ਰੋਗਰਾਮ ਕਰਵਾਇਆ ਗਿਆ, ਮੇਲੇ ਦੇ ਦੂਸਰੇ ਦਿਨ ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ, ਵਲੋਂ ਆਪਣੇ ਵਲੋਂ ਗਾਏ ਗੀਤ ਸਾਨੂੰ ਤੇਰੇ ਵਿੱਚੋ ਦਿਸਦਾ ਖ਼ੁਦਾ ਸੋਹਣਿਆ, ਝਾਂਜਰ ਤੇ ਹਰ ਕੋਈ ਪਾਉਂਦਾ ਏ ਸ਼ਣਕਾਵੇ ਯਾਰ ਲਈ ਕੋਈ ਕੋਈ ਗਾ ਕੇ ਸੰਗਤਾਂ ਦੀ ਵਾਹ ਵਾਹ ਖਟੀ, ਉਪਰੰਤ ਜਨਾਬ ਵਨੀਤ ਖਾਨ, ਉਂਕਾਰ ਵਾਲੀਆਂ ਹਰਮੇਸ਼ ਰੰਗੀਲਾ ਕਵਾਲ ਪਾਰਟੀ, ਰਾਜੇਸ਼ ਚੰਦ, ਲੱਕੀ ਬੌਸ, ਵਿਸ਼ਾਲੀ ਰੱਤੂ, ਬੇਬੀ ਏ ਕੌਰ ਅਮਰੀਤ ਕੌਰ ਵਲੋਂ ਬਾਬਾ ਜੀ ਦੀ ਮਹਿਮਾਂ ਦਾ ਗੁਣਗਾਣ ਕੀਤਾ ਗਿਆ, ਇਸ ਮੌਕੇ ਸਟੇਜ਼ ਦੀ ਭੂਮਿਕਾ ਅਵਤਾਰ ਜੀ ਵਲੋਂ ਨਿਭਾਈ ਗਈ, ਇਸ ਮੌਕੇ ਚਾਹ ਪਕੌੜਿਆ ਦੇ ਅਤੇ ਦਾਤਾ ਜੀ ਦੇ ਲੰਗਰ ਅਟੁੱਟ ਵਰਤਾਏ ਗਏ,ਇਸ ਮੌਕੇ ਆਦਿ ਸੰਗਤਾਂ ਹਾਜ਼ਰ ਸਨ।



# ਪੰਜ ਸੌ ਦਾ ਨੋਟ




ਭਾਵਨਾਵਾਂ, ਅਹਿਸਾਸਾਂ, ਵਿਚਾਰਾਂ ਨੂੰ ਸ਼ਬਦ ਮੋਤੀਆਂ ਦੇ ਹਾਰ ਵਿੱਚ ਪਿਰੋ ਕੇ , ਉਸ ਮਾਲ਼ਾ ਨੂੰ ਮਨੁੱਖੀ ਸਮਾਜ ਦੇ ਭਲੇ ਲਈ ਮਨੁੱਖਤਾ ਨੂੰ ਸਮਰਪਿਤ ਕਰਨ ਵਾਲ਼ੇ ਨੂੰ ਹੀ ਲਿਖਾਰੀ ਕਹਿੰਦੇ ਹਨ। ਇੱਕ ਸ਼ਬਦਾਂ ਦੀ ਜਾਦੂਗਰ ਲਿਖਾਰਨ ਨੇ ਬੜੀ ਲਗਨ ਨਾਲ਼ ਤਿੰਨ ਸਾਲ ਮਿਹਨਤ ਕੀਤੀ ਅਤੇ ਸਮਾਜ ਵਿੱਚ ਡਿੱਗਦੇ ਜਾਂਦੇ 'ਨੈਤਿਕਤਾ ਦੇ ਪੱਧਰ ' ਵਿਸ਼ੇ ਉੱਤੇ ਇੱਕ ਖ਼ੂਬਸੂਰਤ ਕਿਤਾਬ ਲਿਖੀ। ਕੋਈ ਪ੍ਰਕਾਸ਼ਕ ਕਿਤਾਬ ਛਾਪਣ ਲਈ ਤਿਆਰ ਨਾ ਹੋਇਆ ਤਾਂ ਪੱਲਿਓਂ ਪੈਸੇ ਖਰਚ ਕੇ ਉਸ ਕਿਤਾਬ ਦੀਆਂ 50 ਕਾਪੀਆਂ ਛਪਵਾਈਆਂ। ਇਸ ਸਾਰੇ ਵਿੱਚ ਉਸਦਾ ਕੋਈ ਅੱਠ ਤੋਂ ਦਸ ਹਜ਼ਾਰ ਦਾ ਖਰਚਾ ਹੋਇਆ। 200 ਪੰਨਿਆਂ ਦੀ ਕਿਤਾਬ ਦੀ ਉਸਨੂੰ ਲਾਗਤ ਕੀਮਤ ਹੀ ਲਗਭਗ 200/- ਰੁਪਏ ਫ਼ੀ ਕਿਤਾਬ ਆਈ। ਬੜੀ ਮੁਸ਼ਕਲ ਨਾਲ਼ ਜਾਣ ਪਹਿਚਾਣ ਵਾਲ਼ਿਆਂ ਨੂੰ ਲਾਈ ਗੁਹਾਰ ਨਾਲ਼ ਕਿਤਾਬ ਦੀਆਂ ਦੋ-ਚਾਰ ਪ੍ਰਤੀਆਂ ਵਿਕੀਆਂ ਅਤੇ ਕੁਝ ਉਸ ਨੂੰ ਗੱਲੀਂ ਬਾਤੀਂ ਤਰੀਫ਼ਾਂ ਕਰਨ ਵਾਲ਼ਿਆਂ ਨੂੰ ਧੰਨਵਾਦ ਸਹਿਤ ਮੁਫ਼ਤ ਭੇਟਾ ਕਰਨੀਆਂ ਪਈਆਂ। ਕਰਦੇ ਕਰਾਉਂਦੇ ਇਸ ਤਰ੍ਹਾਂ 40 ਕਿਤਾਬਾਂ ਨਿੱਬੜ ਗਈਆਂ। ਦਸ ਕਿਤਾਬਾਂ ਬਾਕੀ ਬਚੀਆਂ ਤਾਂ ਉਸ ਦੇ ਮਨ ਵਿੱਚ ਖ਼ਿਆਲ ਆਇਆ ਕਿ ਸ਼ਹਿਰ ਦੀ ਜਿਸ ਮਿਉਂਨਿਸੀਪਲ ਲਾਇਬ੍ਰੇਰੀ ਵਿੱਚੋਂ ਕਦੇ ਉਹ ਆਪ ਬੜੇ ਸ਼ੌਂਕ ਨਾਲ਼ ਕਿਤਾਬਾਂ ਲਿਆ ਲਿਆ ਕੇ ਪੜ੍ਹਦੀ ਹੁੰਦੀ ਸੀ, ਅੱਜ ਉਸੇ ਲਾਇਬ੍ਰੇਰੀ ਵਿੱਚ ਆਪਣੀ ਇੱਕ ਕਿਤਾਬ ਦੇ ਕੇ ਆਵੇ। ਇਹ ਵਿਚਾਰ ਆਪਣੇ ਮਨ ਨਾਲ਼ ਕਰਕੇ ਉਸਨੇ ਕਿਤਾਬ ਦੇ ਅਖੀਰਲੇ ਪੰਨਿਆਂ ਵਿੱਚ ਇੱਕ ਪੰਜ ਸੌ ਦਾ ਨੋਟ ਰੱਖਿਆ ਅਤੇ ਜਾ ਕੇ ਕਿਤਾਬ ਲਾਇਬ੍ਰੇਰੀਅਨ ਨੂੰ ਭੇਂਟ ਸਵਰੂਪ ਪੇਸ਼ ਕੀਤੀ। ਲਾਇਬ੍ਰੇਰੀਅਨ ਨੇ ਮੁਸਕੁਰਾਉਂਦੇ ਹੋਏ ਧੰਨਵਾਦ ਸਹਿਤ ਕਿਤਾਬ ਕਬੂਲ ਕਰਕੇ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਵਿੱਚ ਟਿਕਾ ਦਿੱਤੀ। ਛੇ ਕੁ ਮਹੀਨੇ ਬਾਅਦ ਇੱਕ ਦਿਨ ਸਬੱਬੀਂ ਲਿਖ਼ਾਰਨ ਨੂੰ ਲਾਇਬ੍ਰੇਰੀ ਜਾਣ ਦਾ ਮੌਕ਼ਾ ਮੇਲ ਬਣਿਆ ਤਾਂ ਸੋਚਿਆ ਕਿ ਆਪਣੀ ਕਿਤਾਬ ਲੱਭ ਕੇ ਵੇਖਾਂ ਤਾਂ ਸਹੀ ਕਿ ਛੇ ਮਹੀਨਿਆਂ ਵਿੱਚ ਕਿੰਨੇ ਕੁ ਜਣਿਆਂ ਨੇ ਇਸ ਨੂੰ ਇਸ਼ੂ ਕਰਵਾ ਕੇ ਪੜ੍ਹਿਆ ਹੈ। ਕਿਤਾਬ ਸੌਖਿਆਂ ਹੀ ਲੱਭ ਗਈ। ਜਿਸ ਹਾਲਤ ਵਿੱਚ ਦੇ ਕੇ ਗਈ ਸੀ ਉਸੇ ਹਾਲਤ ਵਿੱਚ..! ਕੋਰੀ ਤੇ ਅਛੋਹ। ਕਿਤਾਬ ਨੂੰ ਸੀਨੇ ਨਾਲ਼ ਲਾਇਆ। ਫਰੋਲਦਿਆਂ.. ਜਦੋਂ ਅਖੀਰਲੇ ਪੰਨਿਆਂ ਨੂੰ ਫਰੋਲਿਆ ਤਾਂ ਆਪਣਾ ਰੱਖਿਆ ਹੋਇਆ ਉਹ 500/- ਰੁਪਏ ਦਾ ਨੋਟ ਵੀ ਆਪਣੀ ਥਾਂ ਤੇ ਅਹਿੱਲ ਪਿਆ ਮਿਲ਼ ਗਿਆ । ਭਰੇ ਹੋਏ ਮਨ ਨਾਲ਼ ਕਿਤਾਬ ਨੂੰ ਸੀਨੇ ਨਾਲ਼ ਲਾ ਕੇ ਲਾਇਬ੍ਰੇਰੀ ਵਿੱਚ ਪਏ ਸਟੱਡੀ ਟੇਬਲਾਂ ਵਿੱਚੋਂ ਇੱਕ ਤੇ ਜਾ ਬੈਠੀ। ਬੜੀ ਉਦਾਸ ਸੀ ਲਿਖ਼ਾਰਨ। ਅੱਖਾਂ ਵਿੱਚ ਅੱਥਰੂ ਸਨ।ਮਨੁੱਖਤਾ ਲਈ ਪਿਆਰ ਦੀ ਉਸਦੀ ਤਿੰਨ ਸਾਲਾਂ ਦੀ ਮਿਹਨਤ ਸੀ ਇਹ ਕਿਤਾਬ। ਕੋਈ ਦੱਸ ਸਕਦਾ ਹੈ ਕਿ ਕਿਤਾਬ ਵਿੱਚ ਰੱਖਿਆ ਆਪਣਾ 500/- ਰੁਪਏ ਦਾ ਨੋਟ ਵਾਪਸ ਮਿਲਣ ਤੇ ਵੀ ਉਸਦੀਆਂ ਅੱਖਾਂ ਕਿਉਂ ਭਰ ਆਈਆਂ ਸਨ ..??



ਸ਼ਿੰਦਾ ਬਾਈ

# ਕਰਜ਼

ਭਾਊ ਚਰਨਾਂ ਇਸ ਵਾਰ ਵੀ ਮਿਲਣ ਆਇਆ ਤਿੰਨ ਚਾਰ ਦਿਨ ਮੇਰੇ ਕੋਲ ਰਹਿ ਕੇ ਗਿਐ...

ਕੀ ਦਿੱਤਾ ਈ ਉਸ ਨੂੰ ਜਾਣ ਵੇਲੇ... ਪਿਤਾ ਜੀ ਨੇ ਪੁੱਛਿਆ... ਜੀ ਉਹੀ ਉਸਦੀ ਪਸੰਦ ਦਾ ਕੁੜਤਾ ਚਾਦਰਾ, ਪੱਗ ਅਤੇ ਕੁਝ ਨਗਦੀ... ਮੈਂ ਹਮੇਸ਼ਾਂ ਮਾਣ ਤਾਣ ਕਰਕੇ ਤੋਰਦਾ ਹਾਂ...ਉਹ ਬੇਟਾ ਜਿੰਨਾਂ ਮਰਜੀ ਮਾਣ ਤਾਣ ਕਰਲੈ... ਪਰ ਤੂੰ ਉਸਦਾ ਕਰਜ ਨਹੀਂ ਉਤਾਰ ਸਕਦਾ...

ਬਚਪਨ ਸਮੇਂ ਦੀ ਪਿਤਾ ਜੀ ਵੱਲੋਂ ਦੱਸੀ ਭੇਤ ਭਰੀ ਗੱਲ ਨੇ ਸਾਰੀ ਰਾਤ ਸੌਣ ਨਾ ਦਿੱਤਾ... ਹੈਰਾਨ ਸਾਂ ਕਿ ਪਿਤਾ ਜੀ ਵੱਲੋਂ ਬਹੁਤ ਜੋਰ ਪਾਉਣ ਤੇ ਵੀ ਉਸਨੇ ਮੁੰਦਰੀ ਦੀ ਕੀਮਤ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ।....

ਬਚਪਨ ਵਿੱਚ ਸੁਰਤ ਸੰਭਾਲੀ ਤਾਂ ਉਹ ਸਾਡਾ ਕਾਮਾਂ ਸੀ,ਖੇਤਾਂ ਦਾ ਕਾਰ ਮੁਖਤਿਆਰ, ਸਾਰੇ ਕੰਮ ਬੜੀ ਜਿੰਮੇਵਾਰੀ ਨਾਲ ਕਰਦਾ,ਨੇਕ ਦਿਲ ਅਤੇ ਸਾਊ ਇਨਸਾਨ.... ਮੈਨੂੰ ਬਹੁਤ ਪਿਆਰ ਕਰਦਾ, ਅਕਸਰ ਹੀ ਆਪਣੇ ਮੋਢਿਆਂ ਤੇ ਚੁੱਕ ਕੇ ਘੁਮਾਂਉਦਾ ਸ਼ਹਿਰ ਮੇਲੇ ਦੁਸਹਿਰਾ ਦਿਖਾਓਣ ਲੈ ਜਾਂਦਾ ਅਤੇ ਖਾਣ ਪੀਣ ਦੀਆਂ ਚੀਜਾਂ ਲੈ ਕੇ ਦਿੰਦਾ ਉਹ ਬਹੁਤ ਖੁਸ਼ ਹੁੰਦਾ.....

ਬਚਪਨ ਬੀਤਿਆ ਜਵਾਨੀ ਦਾ ਪਹੁ ਫੁਟਾਲਾ ਸੀ ਕਿ ਪਰਿਵਾਰ ਨੇ ਕਿਸੇ ਚੰਗੇ ਹਿੱਤ ਨੂੰ ਮੁੱਖ ਰੱਖਕੇ ਜਮੀਨ ਦਾ ਤਬਾਦਲਾ ਪੰਜਾਬ ਤੋਂ ਹਰਿਆਣਾ ਵਿੱਚ ਕਰ ਲਿਆ। ਉਨ੍ਹਾਂ ਸਮਿਆਂ ਵਿੱਚ ਨਾ ਫੋਨ ਸਹੂਲਤ,ਚਿੱਠੀ ਪੱਤਰ ਲਿਖਣ ਦੀ ਜਾਚ ਨਾ ਕੋਈ ਅਤਾ ਪਤਾ, ਭਾਊ ਚਰਨਾਂ ਬੀਤੇ ਸਮੇਂ ਦੀ ਯਾਦ ਬਣ ਗਿਆ। ਕਈ ਸਾਲ ਬੀਤ ਗਏ ਮੈਂ ਪੜ੍ਹਨ ਉਪਰੰਤ ਪੁਲਿਸ ਵਿੱਚ ਭਰਤੀ ਹੋ ਗਿਆ ਅਤੇ 1994 ਵਿੱਚ ਮੁੱਖ ਅਫ਼ਸਰ ਥਾਣਾਂ ਮੋਰਿੰਡਾ ਤਾਇਨਾਤ ਸਾਂ ਕਿ ਕਿਧਰੋਂ ਅਤਾ ਪਤਾ ਲੱਭ ਕੇ ਭਾਊ ਚਰਨਾਂ ਮੇਰੇ ਕੋਲ ਥਾਣੇਂ ਆ ਪੁੱਜਾ। ਮੈਂ ਦੂਰੋਂ ਹੀ ਵੇਖ ਕੇ ਭੱਜ ਕੇ ਜੱਫੀ ਪਾ ਕੇ ਮਿਲਿਆ ਉਹ ਅੰਤਾਂ ਦਾ ਖੁਸ਼ ਸੀ ਅਤੇ ਮੇਰੀ ਵੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਹ ਤਿੰਨ ਚਾਰ ਦਿਨ ਮੇਰੇ ਕੋਲ ਰਿਹਾ, ਮੇਰੇ ਬਚਪਨ ਦੀਆਂ ਅਤੇ ਹੋਰ ਖੂਬ ਗੱਲਾਂ ਕੀਤੀਆਂ, ਜਾਣ ਵੇਲੇ ਉਸਦੀ ਪਸੰਦ ਦਾ ਕੁੜਤਾ, ਚਾਦਰਾ ਪੱਗ ਅਤੇ ਕੁਝ ਨਗਦੀ ਮਾਣ ਵਜੋਂ ਦੇ ਕੇ ਵਿਦਾ ਕੀਤਾ। ਉਪਰੰਤ ਮੈਂ ਕਿਤੇ ਵੀ ਤਾਇਨਾਤ ਹੁੰਦਾ... ਉਹ ਪਤਾ ਲਾ ਲੈਂਦਾ ਅਤੇ ਸਾਲ ਦੋ ਸਾਲ ਬਾਅਦ ਆ ਜਾਂਦਾ। ਉਹੀ ਖੁਸ਼ੀ ਦੀਆਂ ਗੱਲਾਂ ਤਿੰਨ ਚਾਰ ਦਿਨ ਇਕੱਠੇ ਰਹਿਣਾਂ ਅਤੇ ਮਾਣ ਤਾਣ ਨਾਲ ਵਿਦਾ ਕਰਨਾ ਮੈਨੂੰ ਬਹੁਤ ਸਕੂਨ ਦਿੰਦਾ ਪਰ ਮੈਂ ਹੈਰਾਨ ਸਾਂ ਕਿ ਮੁੰਦਰੀ ਦੀ ਗੱਲ ਉਸਨੇ ਕਦੇ ਵੀ ਨਹੀਂ ਕੀਤੀ ਸੀ...ਉਸਦੀ ਸਿਦਕ ਦਿਲੀ ਨੇ ਮੇਰੀ ਨਜਰ ਵਿੱਚ ਉਸਦਾ ਕੱਦ ਬੁੱਤ ਹੋਰ ਵੀ ਉੱਚਾ ਕਰ ਦਿੱਤਾ ਸੀ।.... ਦਿਨ ਚੜ੍ਹਦੇ ਸਾਰ ਮੈਂ ਸਰਾਫੇ ਦੀ ਦੁਕਾਨ ਤੋਂ ਸੱਭ ਤੋਂ ਭਾਰੀ ਮੁੰਦਰੀ ਖਰੀਦ ਕੇ ਜੇਬ ਵਿੱਚ ਪਾ ਲਈ ਅਤੇ ਕਈ ਸਾਲਾਂ ਬਾਅਦ ਭਾਲਦਾ ਹੋਇਆ ਕੋਟਕਪੂਰੇ ਦੇ ਛੋਟੇ ਜਿਹੇ ਮੁਹੱਲੇ ਵਿੱਚ ਉਸ ਦੇ ਘਰ ਜਾ ਪੁੱਜਾ ਵਡੇਰੀ ਉਮਰ ਹੋਣ ਕਾਰਨ ਅੱਖਾਂ ਦੀ ਜੋਤ ਭਾਵੇਂ ਘਟ ਗਈ ਸੀ ਪਰ ਮੇਰੀ ਪਹਿਲੀ ਹੀ ਆਵਾਜ਼ ਤੋਂ ਪਹਿਚਾਣਦਿਆਂ ਉਹ ਮੇਰੀ ਆਮਦ ਤੋਂ ਹੈਰਾਨ ਪਰ ਬੇਹੱਦ ਖੁਸ਼ ਸੀ....ਸਬਰ ਸੰਤੋਖ ਵਿੱਚ ਸ਼ਾਂਤ ਖਿੜਿਆ ਚਿਹਰਾ ਪਰ ਹੱਥਾਂ ਤੇ ਪਏ ਅੱਟਣ ਅਤੇ ਪੈਰਾਂ ਦੀਆਂ ਵਿਆਈਆਂ ਅੱਜ ਵੀ ਉਸਦੇ ਮਿਹਨਤੀ ਹੋਣ ਦੀ ਗਵਾਹੀ ਭਰ ਰਹੀਆਂ ਸਨ। ਨੇੜੇ ਕਿਸੇ ਦੁਕਾਨ ਤੋਂ ਲਿਆਂਦੇ ਬਿਸਕੁਟ ਜਦੋਂ ਚਾਹ ਦੇ ਕੱਪ ਨਾਲ ਉਸ ਮੇਰੇ ਅੱਗੇ ਕੀਤੇ ਤਾਂ ਬਿਸਕੁਟਾਂ ਵਿੱਚੋਂ ਉਠਦੀ ਮਹਿਕ ਬਚਪਨ ਦੀਆਂ ਯਾਦਾਂ ਵਿੱਚ ਲੈ ਗਈ ਪਲ ਭਰ ਲਈ ਜਾਪਿਆ ਜਿਵੇਂ ਅੱਜ ਵੀ ਮੈਂ ਉਸਦੇ ਮੋਢਿਆਂ ਤੇ ਬੈਠਾ ਸਾਂ। ਚਾਹ ਪੀਂਦਿਆਂ ਉਸਦੇ ਹੱਥਾਂ ਵੱਲ ਨਜਰ ਮਾਰੀ ਉਂਗਲਾਂ ਸੱਖਣੀਆਂ ਸਨ ਸ਼ਾਇਦ ਉਹੀ ਇੱਕ ਮੁੰਦਰੀ ਸੀ ਜੋ ਮੈ ਬਚਪਨ ਵਿੱਚ.... ਸੋਚ ਕੇ ਮਨ ਭਰ ਆਇਆ, ਮੈਂ ਤੁਰੰਤ ਜੇਬ ਵਿੱਚੋ ਮੁੰਦਰੀ ਕੱਢਕੇ ਉਸਦੀ ਉਂਗਲੀ ਵਿੱਚ ਪਾ ਦਿੱਤੀ, ਉਹ ਕਦੇ ਮੁੰਦਰੀ ਵੱਲ ਕਦੇ ਮੇਰੇ ਮੂੰਹ ਵੱਲ ਆਵਾਕ ਵੇਖ ਰਿਹਾ ਸੀ...ਭਾਊ ਤੇਰੀ ਮੁੰਦਰੀ... ਮੈਂ ਛੋਟੇ ਹੁੰਦਿਆਂ ਗਵਾ ਦਿੱਤੀ ਸੀ ਨਾ...ਸਮਝ ਲੈ ਅੱਜ ਲੱਭ ਲਿਆਇਆਂ...ਉਏ ਤੈਨੂੰ ਕਿਨ ਦੱਸਿਆ.....ਮੈਨੂੰ ਘੁੱਟਕੇ ਗਲ ਨਾਲ ਲਾਉਂਦਿਆਂ ਖੁਸ਼ੀ ਅਤੇ ਮੋਹ ਦੇ ਅੱਥਰੂ ਉਸਦੀਆਂ ਅੱਖਾਂ ਵਿੱਚ ਛਲਕ ਆਏ ਸਨ । ਅਨਭੋਲ ਉਮਰ ਦਾ ਕਰਜ ਉਤਾਰ ਕੇ ਮੈ ਅੰਤਾਂ ਦਾ ਸਕੂਨ ਮਹਿਸੂਸ ਕਰ ਰਿਹਾ ਸਾਂ।



ਸੁਖਜੀਤ ਸਿੰਘ ਵਿਰਕ
ਮੋਬਾਇਲ 9815897878

# ਬੁੱਧ ਬਾਣ: ਜਦੋਂ ਕੜਾਹ ਖਾਣੇ ਗੁਲਾਮ ਬਣੇ!

ਧਰਮ ਨੂੰ ਮੰਨਣ ਵਾਲਿਆਂ ਨੂੰ ਕੜਾਹ ਸ਼ਬਦ ਉਤੇ ਇਤਰਾਜ਼ ਹੋ ਸਕਦਾ ਹੈ। ਪਰ ਉਹਨਾਂ ਨੂੰ ਕੜਾਹ ਤੇ ਕੜਾਹ ਪ੍ਰਸ਼ਾਦਿ ਵਿਚਲੇ ਅੰਤਰ ਦਾ ਗਿਆਨ ਨਹੀਂ। ਜਦੋਂ ਕੋਈ ਵਸਤੂ ਗੁਰੂ ਦੇ ਚਰਨਾਂ ਵਿੱਚ ਜਾਂਦੀ ਹੈ, ਉਹ ਕੜਾਹ ਪ੍ਰਸ਼ਾਦਿ ਬਣ ਜਾਂਦੀ ਹੈ। ਨਹੀਂ ਉਹ ਆਟੇ ਦਾ ਕੜਾਹ ਹੀ ਰਹਿੰਦਾ ਹੈ। ਸਾਨੂੰ ਮੁਫ਼ਤ ਦਾ ਕੜਾਹ ਖਾਣ ਦੀ ਆਦਤ ਪੈ ਗਈ ਹੈ। ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਪਹਿਲਾਂ ਮੁਫ਼ਤ ਦੀ ਚਾਟ ਉੱਤੇ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਨੇ ਲਗਾਇਆ, ਜਦੋਂ ਗਧੇ ਤੇ ਘੋੜਿਆਂ ਨੂੰ ਇੱਕੋ ਕੀਲੇ ਬੰਨ੍ਹਿਆ ਸੀ। ਉਦੋਂ ਹਜ਼ਾਰ ਏਕੜ ਜ਼ਮੀਨ ਵਾਹੁਣ ਵਾਲੇ ਨੂੰ ਵੀ ਤੇ ਇੱਕ ਏਕੜ ਵਾਹੁਣ ਵਾਲੇ ਨੂੰ ਵੀ ਬਿਜਲੀ ਪਾਣੀ ਮੁਫ਼ਤ ਦਿੱਤੀ। ਵਪਾਰੀਆਂ ਨੂੰ ਖੁਸ਼ ਕਰਨ ਲਈ ਚੁੰਗੀਆਂ ਚੱਕ ਦਿੱਤੀਆਂ। ਪੰਜਾਬ ਸਰਕਾਰ ਵਲੋਂ ਮਹਿੰਗੇ ਭਾਅ ਬਹੁਕੌਮੀ ਕੰਪਨੀਆਂ ਤੋਂ ਬਿਜਲੀ ਖ਼ਰੀਦਣ ਲਈ ਨਿਯਮਾਂ ਨੂੰ ਛਿੱਕੇ ਟੰਗਿਆ। ਪੰਜਾਬ ਵਿੱਚ ਹੁਣ ਵੀ ਝਾਰਖੰਡ ਤੋਂ ਬਿਜਲੀ ਆਉਂਦੀ ਹੈ। ਹਜ਼ਾਰਾਂ ਕਰੋੜਾਂ ਰੁਪਏ ਦੀ ਬਿਜਲੀ ਮੁਫ਼ਤ ਦੇਣ ਕਰਕੇ ਵਿਕਾਸ ਕਾਰਜ ਠੱਪ ਹੋ ਗਏ। ਪੰਜਾਬ ਰਾਜ ਬਿਜਲੀ ਬੋਰਡ ਨੂੰ ਪਾਵਰਕੌਮ ਬਣਾ ਕੇ ਉਸ ਦੇ ਫਿਊਜ਼ ਉਡਾ ਦਿੱਤੇ। ਬੀਬੀਆਂ ਨੂੰ ਮੁਫ਼ਤ ਬੱਸ ਸੇਵਾ ਸ਼ੁਰੂ ਕਰ ਕੇ, ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਵਿਭਾਗ ਦਾ ਬੇੜਾ ਗ਼ਰਕ ਕੀਤਾ। ਬਾਦਲ ਨੇ ਆਪਣੇ ਬੇੜੇ ਨੂੰ ਵਧਾਇਆ। ਆਟਾ ਦਾਲ ਸਕੀਮ ਤਹਿਤ ਅਮੀਰਾਂ ਤੇ ਗਰੀਬਾਂ ਦੇ ਨੀਲੇ ਕਾਰਡ ਬਣਾਏ। ਇਹ ਨੀਲੇ ਕਾਰਡ ਬਣਾਉਣ ਲਈ ਅਣਖੀ ਸੂਰਮਿਆਂ ਨੇ ਮੂੰਹ ਨੂੰ ਮਿੱਟੀ ਮਲੀ। ਚੋਣਾਂ ਵੇਲੇ ਹਰ ਤਰ੍ਹਾਂ ਦਾ ਨਸ਼ਾ ਵੰਡਿਆ ਗਿਆ। ਆਰਥਿਕ ਮੰਦਹਾਲੀ ਕਾਰਨ ਸਰਕਾਰਾਂ ਨੇ ਕਰਜ਼ਾ ਚੁੱਕ ਚੁੱਕ ਕੇ ਵਕਤ ਲੰਘਾਇਆ। ਹੁਣ ਪੰਜਾਬ ਸਰਕਾਰ ਪੌਣੇ ਦੋ ਲੱਖ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਹੇਠ ਹੈ। ਪੰਜਾਬ ਦੀ ਪੱਚੀ ਪ੍ਰਤੀਸ਼ਤ ਜ਼ਮੀਨ ਸੜਕਾਂ ਤੇ ਕਲੋਨੀਆਂ ਹੇਠਾਂ ਆ ਗਈ। ਖੇਤੀਬਾੜੀ ਲਈ ਜ਼ਮੀਨ ਘੱਟ ਰਹੀ ਹੈ। ਲੋਕਾਂ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਦੌੜ ਲਗਾਈ ਤੇ ਪਿੰਡਾਂ ਵਿੱਚ ਪਰਵਾਸੀ ਭਾਰਤੀ ਆ ਗਿਆ। ਪੰਜਾਬ ਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਲੱਖਾਂ ਰੁਪਏ ਖ਼ਰਚ ਕਰ ਕੇ ਵਿਦੇਸ਼ਾਂ ਨੂੰ ਭੇਜਿਆ। ਜ਼ਮੀਨਾਂ ਕੋਠੀਆਂ ਵੇਚ ਕੇ ਨੌਜਵਾਨ ਦੋ ਨੰਬਰ ਦੇ ਵਿਆਹ ਕਰਵਾ ਕੇ, ਡੌਂਕੀ ਲਾ ਕੇ ਵਿਦੇਸ਼ ਪੁਜੇ। ਹੁਣ ਉਹਨਾਂ ਨੂੰ ਵਿਦੇਸ਼ਾਂ ਤੋਂ ਵਾਪਸ ਭੇਜਿਆ ਜਾ ਰਿਹਾ ਹੈ। ਹਰ ਰੋਜ਼ ਫੌਜੀ ਜਹਾਜ਼ ਭਰ ਕੇ ਭੇਜ ਰਿਹਾ। ਫੌਜੀ ਜਹਾਜ਼ ਅਗਲੇ ਸਮਿਆਂ ਵਿੱਚ ਕੀ ਚੰਦ ਚਾੜਦਾ ਹੈ, ਇਹ ਹੁਣ ਮੋਦੀ ਸਰਕਾਰ ਜਾਣਦੀ ਹੈ। ਪੰਜਾਬ ਦੇ ਲੋਕ ਆਪੋ ਆਪਣੀ ਡਫਲੀ ਵਜਾ ਕੇ ਗੁਜ਼ਾਰਾ ਕਰਦੇ ਹਨ। ਕਿਸਾਨ ਜਥੇਬੰਦੀਆਂ ਧਰਨੇ ਲਗਾ ਰਹੀਆਂ ਹਨ। ਸਿਆਸੀ ਪਾਰਟੀਆਂ ਵਿੱਚ ਇੱਕ ਦੂਜੇ ਨੂੰ ਠਿੱਬੀ ਲਾਉਣ ਲਈ ਦਾਅ ਪੇਚ ਖੇਡ ਰਹੀਆਂ ਹਨ। ਅਕਾਲੀ ਦਲ ਬਾਦਲ ਤੇ ਅਕਾਲ ਤਖ਼ਤ ਦੇ ਜਥੇਦਾਰ ਵਿਚਕਾਰ ਯੁੱਧ ਚੱਲ ਰਿਹਾ ਹੈ। ਲੋਕ ਤਮਾਸ਼ਬੀਨ ਬਣ ਕੇ ਸੁਆਦ ਲੈਣ ਲੱਗੇ ਹਨ। ਆਮ ਆਦਮੀ ਪਾਰਟੀ ਦਿੱਲੀ ਤੋਂ ਬੋਰੀਆ ਬਿਸਤਰਾ ਗੋਲ ਕਰਕੇ ਪੰਜਾਬ ਆ ਗਈ ਹੈ। ਗ਼ੈਰ ਸੰਵਿਧਾਨਕ ਅਹੁਦੇ ਤੋਂ ਬਗ਼ੈਰ ਮੁਨੀਸ਼ ਸਿਸੋਦੀਆ ਪੰਜਾਬ ਦੇ ਸਕੂਲਾਂ ਦੇ ਦੌਰੇ ਕਰ ਰਿਹਾ ਸੀ। ਹੁਣ ਤਾਂ ਹਰ ਮਹਿਕਮੇ ਦੇ ਮੰਤਰੀ ਤੇ ਵਿਧਾਇਕ ਉਤੇ ਦਿੱਲੀ ਦੇ ਧਾੜਵੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਪੰਜਾਬ ਦੇ ਲੋਕਾਂ ਨੂੰ ਸਮਝ ਨਹੀਂ ਆਉਂਦੀ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਹੈ ਕਿ ਅਰਵਿੰਦ ਕੇਜਰੀਵਾਲ? ਕਿਉਂਕਿ ਭਗਵੰਤ ਮਾਨ ਤਾਂ ਰਬੜ ਦੀ ਮੋਹਰ ਬਣ ਕੇ ਰਹਿ ਗਿਆ। ਇਨਕਲਾਬੀ ਪਾਰਟੀ ਦੀ ਹਰ ਕ੍ਰਾਂਤੀ ਮੂਧੇ ਮੂੰਹ ਡਿੱਗੀ ਹੈ। ਹੁਣ ਭਾਵੇਂ ਆਮ



ਆਦਮੀ ਪਾਰਟੀ ਵਿੱਚ ਬਗਾਵਤੀ ਸੁਰਾਂ ਵੱਜਣ ਲੱਗੀਆਂ ਹਨ। ਪਾਰਟੀ ਦੇ ਭਮੱਕੜਾਂ ਨੂੰ ਭਰਮਾਉਣ ਲਈ ਪਾਰਟੀ ਦੀਆਂ ਅਹੁਦੇਦਾਰੀਆਂ ਦੇ ਕੇ ਵਰਾਇਆ ਜਾ ਰਿਹਾ ਹੈ। ਮਲਾਈ ਵਾਲੇ ਮਹਿਕਮੇ ਧਾੜਵੀਆਂ ਦੇ ਹਵਾਲੇ ਕੀਤੇ ਹੋਏ ਹਨ। ਪੰਜਾਬ ਵਿੱਚ ਲਾਅ ਐਂਡ ਆਰਡਰ ਭੰਗ ਹੋਇਆ ਪਿਆ ਹੈ। ਪੰਜਾਬ ਵਿਰੋਧੀ ਤਾਕਤਾਂ ਨਵੇਂ ਨਵੇਂ ਛੜਯੰਤਰ ਰਚ ਰਹੀਆਂ ਹਨ। ਹੁਣ ਫਿਲੌਰ ਲਾਗੇ ਡਾਕਟਰ ਅੰਬੇਦਕਰ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਹੈ। ਅਗਲੇ ਸਮਿਆਂ ਵਿੱਚ ਹੋਰ ਕੀ ਕੀ ਹੋਣਾ ਹੈ, ਪਤਾ ਨਹੀਂ।

ਜਦੋਂ ਅੰਗਰੇਜ਼ਾਂ ਨੇ ਅਫਰੀਕਾ ਦੇ ਵਿੱਚ ਜਾ ਆਪਣਾ ਕਾਰੋਬਾਰ ਸ਼ੁਰੂ ਕੀਤਾ ਤਾਂ ਉਥੋਂ ਦੀ ਭੁੱਖ ਮਰੀ ਦੇਖ ਕੇ ਉਹਨਾਂ ਨੇ ਵੱਖ ਵੱਖ ਇਲਾਕਿਆਂ ਵਿਚ ਗਿਰਜਾ ਘਰ ਬਣਾਏ। ਲੋਕਾਂ ਨੂੰ ਭਰਮਾਉਣ ਲਈ ਉਹਨਾਂ ਇਹਨਾਂ ਗਿਰਜਾ ਘਰਾਂ ਦੇ ਵਿੱਚ ਕੜਾਹ ਖਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਲੋਕ ਚਰਚ ਵਿਚ ਆਉਂਦੇ ਤੇ ਕੜਾਹ ਖਾਂਦੇ। ਚਲੇ ਜਾਂਦੇ, ਪਰ ਇੱਕ ਕਿਸਾਨ ਨਾ ਆਉਂਦਾ। ਅੰਗਰੇਜ਼ਾਂ ਨੇ ਸ਼ਨਾਖ਼ਤ ਕਰਨੀ ਸ਼ੁਰੂ ਕਰ ਦਿੱਤੀ। ਕਿਹੜਾ ਕੜਾਹ ਖਾਣ ਨਹੀਂ ਆਉਂਦਾ, ਕੁੱਝ ਸਮੇਂ ਬਾਅਦ ਦੇਖਿਆ ਇਕ ਕਿਸਾਨ ਨਹੀਂ ਸੀ ਆਉਂਦਾ, ਉਹ ਸਗੋਂ ਅੰਗਰੇਜ਼ਾਂ ਦਾ ਵਿਰੋਧ ਕਰਦਾ ਸੀ ਤੇ ਉਹ ਪਿੰਡ ਵਾਸੀਆਂ ਨੂੰ ਕਹਿੰਦਾ ਸੀ ਕਿ ਇਹ ਮੁਫ਼ਤ ਦਾ ਕੜਾਹ ਤੁਹਾਡੇ ਹੱਡ ਹਰਾਮੀ ਕਰੇਗਾ। ਇਸ ਮਿੱਠੇ ਨੇ ਤੁਹਾਨੂੰ ਤਬਾਹ ਕਰ ਦੇਣਾ ਐ। ਤੁਸੀਂ ਕਾਸੇ ਜੋਗੇ ਨਹੀਂ ਰਹਿਣਾ। ਇਹ ਤੁਹਾਡੀਆਂ ਜ਼ਮੀਨਾਂ ਦੱਬਣਗੇ, ਤੁਹਾਨੂੰ ਵਿਹਲੇ ਕਰਨਗੇ। ਇਕ ਦਿਨ ਤੁਸੀਂ ਇਹਨਾਂ ਦੇ ਗੁਲਾਮ ਬਣ ਜਾਣਾ ਐ। ਫੇਰ ਗ਼ੁਲਾਮੀ ਦੀ ਜੂਨ ਹੰਢਾਉਂਦੇ ਰਿਹੋ। ਉਹ ਆਪਣੇ ਪਿੰਡ ਦੇ ਲੋਕਾਂ ਨੂੰ ਕਲਪਦਾ ਰਹਿੰਦਾ ਐ। ਪਰ ਲੋਕ ਉਸਨੂੰ ਬੁਰਾ ਭਲਾ ਬੋਲਦੇ ਤੇ ਉਸ ਦੀਆਂ ਅੰਗਰੇਜ਼ਾਂ ਕੋਲ ਸ਼ਿਕਾਇਤ ਕਰਦੇ। ਇਕ ਅੰਗਰੇਜ਼ਾਂ ਨੇ ਉਸ ਨੂੰ ਗਿਰਫਤਾਰ ਕੀਤਾ। ਉਸਨੂੰ ਸਜ਼ਾ ਦਿੱਤੀ ਕਿ ਤੂੰ ਸੱਤ ਸਾਲ ਪਿੰਡ ਨਹੀਂ ਵੜ ਸਕਦਾ। ਪਿੰਡ ਤੋਂ ਦੂਰ ਚਲੇ ਜਾ। ਉਹ ਆਪਣਾ ਪਿੰਡ ਛੱਡ ਕੇ ਦੂਰ ਜੰਗਲ ਵਿੱਚ ਚਲੇ ਗਿਆ। ਸੱਤ ਬੀਤਣ ਤੋਂ ਬਾਅਦ ਜਦ ਉਹ ਪਿੰਡ ਮੁੜਿਆ ਤਾਂ ਉਹ ਹੈਰਾਨ ਰਹਿ ਗਿਆ, ਸਭ ਕੁੱਝ ਦੇਖ ਕੇ। ਉਸਦੇ ਪਿੰਡ ਦੀ ਸਾਰੀ ਜ਼ਮੀਨ ਜਾਇਦਾਦ ਉਪਰ ਕਬਜ਼ਾ ਅੰਗਰੇਜ਼ਾਂ ਦਾ ਸੀ। ਪਿੰਡ ਵਿੱਚ ਜੇ ਜ਼ਮੀਨ ਬਚੀ ਸੀ ਤਾਂ ਉਸ ਦੀ ਸੀ। ਕਿਉਂਕਿ ਉਸਨੇ ਜ਼ਮੀਨ ਉਪਰ ਕੋਈ ਕਰਜ਼ਾ ਤੇ ਮਸ਼ੀਨਰੀ ਨਹੀਂ ਲਈ ਸੀ।

ਇਹ ਸਾਰੀ ਕਹਾਣੀ ਇੱਕ ਅਫਰੀਕੀ ਨਾਵਲ ਸ਼ਨਵਾ ਅਸ਼ਬੀ ਦਾ " *ਦਾ ਥਿੰਗਜ਼ ਫਾਲ ਅਪਾਰਟ" ਜਿਸਨੂੰ ਪੰਜਾਬੀ ਵਿਚ ਅਨੁਵਾਦ ਡਾ. ਜੋਗਿੰਦਰ ਕੈਰੋਂ ਨੇ ਕੀਤਾ ਐ *ਟੁੱਟ ਭੱਜ*, ਜਿਸ ਦਾ ਇਕ ਪਾਤਰ ਇਸ ਮੁਫ਼ਤ ਦੇ ਕੜਾਹ ਦਾ ਵਿਰੋਧ ਕਰਦਾ ਐ। ਇਹ ਨਾਵਲ ਪੰਜਾਬ ਦੇ ਭਵਿੱਖ ਦੀ ਨਿਸ਼ਾਨਦੇਹੀ ਕਰਦਾ ਐ। ਇਹ ਨਾਵਲ ਚੇਤਨਾ ਪ੍ਰਕਾਸ਼ਨ ਲੁਧਿਆਣਾ ਤੋਂ ਮਿਲ ਸਕਦਾ ਐ। ਮੰਗਵਾ ਕੇ ਪੜ੍ਹ ਲਿਓ ਆਪਣਾ ਭਵਿੱਖ।

ਉਦੋਂ ਤੱਕ ਬਾਬਾ ਰਤਨ ਸਿੰਘ ਦੀ ਮੇਰੇ ਨਾਲ ਹੋਈ ਗੱਲਬਾਤ ਸੁਣ ਲਵੋ।

ਅੱਜ ਮੈਨੂੰ ਬਾਬਾ ਰਤਨ ਸਿੰਘ ਦਾ ਫੋਨ ਆਇਆ, ਉਹਨਾਂ ਨੇ ਦੱਸਿਆ ਕਿ ਇਸ ਵਕਤ ਵੰਨਵੇਂ ਸਾਲਾਂ ਦਾ ਐ। ਤੈਨੂੰ ਕੁੱਝ ਦੱਸਣ ਲਈ ਫੋਨ ਕੀਤਾ ਐ, ਕਿ ਤੁਸੀਂ ਇਸਨੂੰ ਆਪਣੀ ਲਿਖਤ ਬਣਾ ਲੈਣਾ। ਉਹਨਾਂ ਦੱਸਿਆ ਕਿ ਸਾਡੇ ਪਿੰਡ ਦੇ ਬੰਦੇ ਸੱਥਾਂ ਵਿੱਚ ਬੈਠੇ ਤਾਸ਼ ਕੁੱਟਦੇ ਹਨ ਤੇ ਘਰਾਂ ਵਿੱਚ ਪਰਵਾਸੀ ਮੌਜਾਂ ਲੁੱਟਦੇ ਹਨ। ਮੰਡੀ ਵਿੱਚ ਤਲਾਈ ਵੇਲੇ ਸਰਦਾਰ ਜੀ ਜਾਂਦੇ ਹਨ। ਫੇਰ ਜਦੋਂ ਬੈਂਕਾਂ ਵਾਲੇ ਆਉਂਦੇ ਹਨ ਫੇਰ ਕਿਸਾਨ ਇਕੱਠੇ ਹੋ ਕੇ ਧਰਨਾ ਲਗਾਉਂਦੇ ਹਨ। ਇਹ ਨਵਾਂ ਡਰਾਮਾ ਕਰ ਰਹੇ ਹਨ। ਜੇ ਕਰਜ਼ਾ ਲਿਆ ਹੈ, ਉਹ ਮੋੜਣਾ ਵੀ ਹੈ। ਇਹ ਬੈਂਕ ਮੁਲਾਜ਼ਮਾਂ ਨੂੰ ਬੰਦੀ ਬਣਾ ਭਾਸ਼ਣ ਝਾੜਦੇ ਨੇ ਤੇ ਸੌਦੇਬਾਜ਼ੀ ਕਰਦੇ ਹਨ। ਪਹਿਲਾਂ ਇਹਨਾਂ ਨੂੰ ਪੰਜਾਬ ਸਰਕਾਰ ਨੇ ਮੁਫ਼ਤ ਦਾ ਕੜਾਹ ਐਸਾ ਛਕਾਇਆ ਐ, ਲੋਕ ਹੱਕਾਂ ਲਈ ਇਕੱਠੇ ਨਾ ਹੋਣ ਜੇ ਕਿਤੇ ਨੀਲੇ ਕਾਰਡ ਵਿਚੋਂ ਨਾਮ ਕੱਟ ਤਾਂ, ਧਰਨਾ ਲਗਾ ਕੇ ਬਹਿ ਜਾਣਗੇ। ਇਹਨਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਤੁਹਾਡੇ ਪਿਉ ਦਾਦੇ ਜਿਹਨਾਂ ਦੇ ਅੱਧੀ ਦਰਜਨ ਜੁਆਕ ਹੁੰਦੇ, ਉਹ ਨਹੀਂ ਜਿਉਂਦੇ ਰਹੇ। ਤੁਹਾਡੇ ਘਰਾਂ ਵਿੱਚ ਜੁਆਕ ਇਕ ਜਾਂ ਦੋ ਹਨ। ਮਾਪੇ ਤੁਹਾਡੇ ਬਿਰਧ ਆਸ਼ਰਮ ਦੇ ਵਿੱਚ ਤੇ ਤੀਵੀਆਂ ਬਿਊਟੀ ਪਾਰਲਰਾਂ ਦੇ ਵਿੱਚ ਜਾਂ ਫੇਰ ਕਿਸੇ ਸਾਧ ਦੇ ਡੇਰੇ ਉਤੇ, ਤੁਸੀਂ ਆਖਦੇ ਸਰਕਾਰ ਸਾਡੇ ਨਾਲ ਧੱਕਾ ਕਰਦੀ ਐ। ਤੁਹਾਡੇ ਹੱਡ ਹਰਾਮੀ ਹੋ ਗਏ ਨੇ, ਤੁਹਾਡੇ ਵਿੱਚ ਸੱਤਿਆ ਨਹੀਂ ਰਹੀ। ਫੁਕਰਪੁਣਾ ਤੁਸੀਂ ਸਿਰੇ ਦਾ ਕਰਦੇ ਓ। ਆਸ਼ਰਮ ਵਿੱਚ ਮਰੀ ਮਾਂ ਦਾ ਭੋਗ ਮੈਰਿਜ ਪੈਲੇਸਾਂ ਵਿੱਚ ਪਾਉਂਦੇ ਓ। ਕੁੜੀਆਂ ਦੇ ਵਿਆਹ ਉਤੇ ਕੰਜਰ ਨਚਾਉਂਦੇ ਓ। ਥੋਨੂੰ ਕੋਈ ਸ਼ਰਮ ਹਿਆ ਐ।

*ਹੋਇਆ ਕੀ ਦੇ ਨੱਚਦੀ ਦੀ ਬਾਂਹ ਫੜ ਲਈ, ਡਾਕਾ ਤਾਂ ਨੀ ਮਾਰਿਆ,॥ ਤੀਜਾ ਪੈਗ ਲਾ ਕੇ ਤੇਰੀ ਬਾਂਹ ਫੜ੍ਹਨੀ॥*

ਕਿਤੇ ਡੁੱਬ ਕੇ ਮਰ ਜਾਓ। ਸਾਲੇ ਯਧੋ ਪੈਗ ਲਾ ਕੇ ਬਾਂਹ ਫੜਨ ਦੇ।

ਬਾਬਾ ਹੋਰ ਪਤਾ ਨਹੀਂ ਕੀ ਕੀ ਬੋਲਦਾ ਰਿਹਾ। ਮੇਰੇ ਕੰਨ ਅੰਬ ਹੋ ਗਏ।

ਬਾਬਾ ਬੋਲਦਾ ਸੀ, ਇਹਨਾਂ ਨੂੰ ਜ਼ਮੀਨਾਂ ਦੀ ਘੁਮੇਰ ਚੜ੍ਹੀ ਐ। ਤੂੰ ਦੇਖੀ ਇਹ ਅਗਲੇ ਦਿਨਾਂ ਵਿੱਚ ਨਾ ਘਰ ਦੇ ਨਾ ਘਾਟ ਦੇ ਰਹਿਣ-ਗੇ। ਜ਼ਮੀਨਾਂ ਤਾਂ ਬੈਂਕਾਂ ਕੋਲ ਗਿਰਵੀ ਨੇ। ਲਿਮਟਾਂ ਤੇ ਕਰਜ਼ਿਆਂ ਨੇ ਇਹਨਾਂ ਦਾ ਝੁੱਗਾ ਚੌੜ ਚੁਪੱਟ ਕਰਨਾ ਐ। ਤੂੰ ਦੇਖੀ ਇਹ ਦਿਹਾੜੀਆਂ ਕਰਦੇ ਫਿਰਨਗੇ।

ਚੱਲ ਛੱਡ ਆਪਾਂ ਇਹਨਾਂ ਮੰਗਤਿਆਂ ਤੋਂ ਕੀ ਲੈਣਾ ਐ। ਇਹਨਾਂ ਨੂੰ ਮੁਫ਼ਤ ਦਾ ਕੜਾਹ ਖਾਣ ਦਿਓ।

ਬਾਬੇ ਦੀ ਇਸ ਭਵਿੱਖਬਾਣੀ ਨੇ ਮੈਨੂੰ ਚੁੱਪ ਕਰਵਾ ਦਿੱਤਾ ਹੈ। ਹੁਣ ਮੈਂ ਚੁੱਪ ਆਂ। ਪਰ ਮੇਰੇ ਅੰਦਰ ਮਹਾਂ ਭਾਰਤ ਦੀ ਜੰਗ ਚੱਲਦੀ ਐ। ਮੇਰਾ ਅੰਦਰ ਕੁਰਕਸ਼ੇਤਰ ਦਾ ਘਮਾਸਾਨ ਯੁੱਧ ਚੱਲ ਰਿਹਾ ਐ।



**ਬੁੱਧ ਸਿੰਘ ਨੀਲੋਂ**
9464370823

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoeas), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC ... (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), ... (Atrophy of Mammae), ... (Mastitis), ... (Uterus), ... (Physometra), ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage), ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION, ... 1 ਮਹੀਨੇ ਦੀ ਕੀਮਤ

- ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
- ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
- ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ... TONED ... £69
- ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) ... £49
- ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES) ... £59
- ਨੁਸਖਾ ਨੰਬਰ 9 (IN CAPSULES) ... £59
- ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
- ਨੁਸਖਾ ਨੰਬਰ 11 (IN TABLETS) ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
- ਨੁਸਖਾ ਨੰਬਰ 13 (IN VIALS) ... £89
- ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਬੱਚਿਆਂ ਦੀਆਂ ਬੀਮਾਰੀਆਂ, ਜਿਵੇਂ:

... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (SPRAINS) ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ABSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਸੁਖਮਿੰਦਰ ਸੇਖੋਂ ਦਾ ਮਿੰਨੀ ਕਹਾਣੀ ਸੰਗ੍ਰਹਿ ਰਿਸ਼ਤਿਆਂ ਦੀ ਜ਼ਮੀਨ

ਸੁਖਮਿੰਦਰ ਸੇਖੋਂ ਬਹੁ ਵਿਧਾਈ ਸਾਹਿਤਕਾਰ ਹੈ। ਜਿਸ ਦੀਆਂ ਹੁਣ ਤੱਕ ਡੇਢ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਪਾਠਕਾਂ ਦੇ ਹੱਥਾਂ ਵਿੱਚ ਪਹੁੰਚ ਚੁੱਕੀਆਂ ਹਨ। ਜਿਸ ਵਿੱਚ ਕਹਾਣੀ,ਨਾਵਲ, ਨਾਟਕ ,ਵਿਅੰਗ ਅਤੇ ਮਿੰਨੀ ਕਹਾਣੀਆਂ ਸ਼ਾਮਿਲ ਹਨ। ਇਸ ਤੋਂ ਇਲ-ਾਵਾ ਉਸਨੇ ਅਨੁਵਾਦ ਅਤੇ ਸੰਪਾਦਨ ਕਾਰਜ ਵੀ ਖੂਬ ਕੀਤਾ ਹੈ।

ਰਿਸ਼ਤਿਆਂ ਦੀ ਜ਼ਮੀਨ ਉਸਦੀ ਮਿੰਨੀ ਕਹਾਣੀਆਂ ਦੀ ਤੀਜੀ ਪੁਸਤਕ ਹੈ। ਜਿਸ ਵਿੱਚ ਉਸਦੀਆਂ ਚੋਣਵੀਆਂ ਮਿੰਨੀ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਜਿਵੇਂ ਕਿ ਪੁਸਤਕ ਦੇ ਨਾਮ ਤੋਂ ਹੀ ਜਾਹਿਰ ਹੈ ਕਿ ਪੁਸਤਕ ਵਿੱਚ ਸ਼ਾਮਿਲ ਬਹੁਤੀਆਂ ਕਹਾਣੀਆਂ ਮਨੁੱਖੀ ਰਿਸ਼ਤਿਆਂ ਦੁਆਲੇ ਘੁੰਮਦੀਆਂ ਹਨ।

ਰਿਸ਼ਤਿਆਂ ਦਾ ਆਧਾਰ ਵਿਸ਼ਵਾਸ ,ਆਰਥਿਕਤਾ ਅਤੇ ਸਮਰਪਣ ਦੀ ਭਾਵਨਾ ਉੱਪਰ ਟਿਕਿਆ ਹੋਇਆ ਹੈ। ਆਰਥਿਕਤਾ ਅਤੇ ਵਿਸ਼ਵਾਸ ਸਾਡੇ ਆਮ ਘਰੇਲੂ ਰਿਸ਼ਤਿਆਂ ਦੀ ਟੁੱਟ ਭੱਜ ਦਾ ਕਾਰਨ ਬਣਦੇ ਹਨ ਜਦੋਂ ਕਿ ਸਮਰਪਣ ਦੀ ਭਾਵਨਾ ਪੂਰੇ ਸਮਾਜ ਲਈ ਕੰਮ ਕਰਨ ਦਾ ਕਾਰਨ ਬਣਦੀ ਹੈ। ਸੁਖਮਿੰਦਰ ਸੇਖੋਂ ਦੀ ਇਸ ਪੁਸਤਕ ਵਿੱਚ ਵੀ ਇਸ ਤਰ੍ਹਾਂ ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਇਸੇ ਤਰ੍ਹਾਂ ਦੀ ਇੱਕ ਮਿੰਨੀ ਕਹਾਣੀ ਹੈ 'ਸਿੱਖ'। ਜਿਸ ਵਿੱਚ ਸਮਾਜਿਕ ਰਿਸ਼ਤੇ ਦੀ ਗੱਲ ਹੁੰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਇੱਕ ਸਾਧਾਰਨ ਦਿਸਦਾ ਸਿੱਖੀ ਪਹਿਰਾਵੇ ਵਾਲਾ ਇਨਸਾਨ ਹੈ। ਜਿਸਨੂੰ ਬਹੁਤੇ ਲੋਕ ਝੱਲਾ ਜਾਂ ਮੰਗਤਾ ਸਮਝਣ ਦਾ ਭੁਲੇਖਾ ਖਾ ਜਾਂਦੇ ਹਨ। ਲੇਕਿਨ ਉਹ ਸ਼ਹਿਰ ਵਿੱਚ ਲੋਕਾਂ ਵੱਲੋਂ ਸੜਕਾਂ ਉੱਪਰ ਸੁੱਟਿਆ ਗੰਦ-ਮੰਦ ਆਪਣੀ ਰੇਹੜੀ ਵਿੱਚ ਪਾਕੇ ਦੂਰ ਸੁੱਟ ਆਉਂਦਾ ਹੈ। ਇਸਦੇ ਨਾਲ ਹੀ ਉਹ ਲਾਵਾਰਿਸ ਲਾਸ਼ਾਂ ਦਾ ਸਸਕਾਰ ਕਰਨ ਦਾ ਕੰਮ ਵੀ ਨਿਪਟਾਉਂਦਾ ਹੈ। ਇੱਕ ਵਾਰ ਜਦੋਂ ਉਸਦੀ ਰੇਹੜੀ ਨੂੰ ਕਿਸੇ ਕਾਰ ਸਵਾਰ ਨੇ ਟੱਕਰ ਮਾਰੀ ਅਤੇ ਕਾਰ ਚਾਲਕ ਨੇ ਉਸਨੂੰ ਪਾਗਲ ਕਿਹਾ ਤਾਂ ਭੀੜ ਵਿੱਚੋਂ ਹੀ ਕਿਸੇ ਨੇ ਕਿਹਾ ਕਿ ਇਹ




ਪਾਗਲ ਨਹੀਂ ;ਇਹ ਤਾਂ ਗੁਰੂ ਦਾ ਸੱਚਾ ਸਿੱਖ ਹੈ।

ਇਸ ਪੁਸਤਕ ਵਿੱਚ ਦਰਜ 'ਜੁੱਤੀ' ਅਤੇ 'ਸੀਮਾ' ਦੋ ਹੋਰ ਅਜਿਹੀਆਂ ਕਹਾਣੀਆਂ ਹਨ ਜੋ ਪਾਠਕ ਨੂੰ ਨਵੀਂ ਦਿਸ਼ਾ ਦਿੰਦਿਆਂ ਹਨ।ਜੁੱਤੀ ਕਹਾਣੀ ਵਿੱਚ ਜਦੋਂ ਵਿਆਹ ਸਮਾਗਮ ਸਮੇਂ ਮੁੰਡੇ ਵਾਲੇ ਲੜਕੀ ਦੇ ਪਿਤਾ ਨੂੰ ਪਹਿਲਾਂ ਮੁੰਡੇ ਦੇ ਨਾਮ ਜ਼ਮੀਨ ਲਗਵਾਉਣ ਦੀ ਗੱਲ ਕਹਿੰਦੇ ਹਨ ਤਾਂ ਲੜਕੀ ਦਲੇਰੀ ਨਾਲ ਬਰਾਤ ਨੂੰ ਵਾਪਸ ਜਾਣ ਲਈ ਕਹਿ ਕੇ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੰਦੀ ਹੈ। ਇਸੇ ਤਰ੍ਹਾਂ 'ਸੀਮਾ' ਕਹਾਣੀ ਦੀ ਪਾਤਰ ਆਪਣੇ ਸ਼ੱਕੀ ਪਤੀ ਨੂੰ ਛੱਡ ਕੇ ਤੁਰ ਜਾਂਦੀ ਹੈ।ਕਿੰਨੇ ਭਗਵਾਨ ਇਸ ਪੁਸਤਕ ਦੀ ਬੇਹੱਦ ਖੂਬਸੂਰਤ ਰਚਨਾ ਹੈ। ਕਹਾਣੀ ਦਾ ਮੁੱਖ ਪਾਤਰ ਬੇਰੋ-ਜਗਾਰ ਨੌਜਵਾਨ ਨਾਸਤਿਕ ਹੈ ਅਤੇ ਆਪਣੀ ਮਾਂ ਨੂੰ ਰੱਬ ਦੀ ਹੋਂਦ ਨਾ ਹੋਣ ਬਾਰੇ ਲੈਕਚਰ ਝਾੜਦਾ ਰਹਿੰਦਾ ਹੈ। ਪਰ ਇੱਕ ਦਿਨ ਉਹ ਆਪਣੀ ਮਾਂ ਨੂੰ ਆਕੇ ਕਹਿੰਦਾ ਹੈ ਕਿ ਮਾਂ ਤੇਰੇ ਭਗਵਾਨ ਦੀ ਕਿਰਪਾ ਨਾਲ ਮੈਨੂੰ ਨੌਕਰੀ ਮਿਲ ਗਈ ਹੈ। ਇਹ ਗੱਲ ਸੁਣਕੇ ਮਾਂ ਇੰਨੀ ਖੁਸ਼ ਹੁੰਦੀ ਹੈ ਕਿ ਉਸ ਨੂੰ ਆਪਣੇ ਪੁੱਤਰ ਵਿੱਚੋਂ ਕਿੰਨੇ ਹੀ ਭਗਵਾਨ ਨਜ਼ਰ ਆਉਂਦੇ ਹਨ।

ਸੁਖਮਿੰਦਰ ਸੇਖੋਂ ਨੇ ਇਨ੍ਹਾਂ ਚੋਣਵੀਆਂ ਕਹਾਣੀਆਂ ਰਾਹੀਂ ਪੁਰਾਣੀਆਂ ਮਿੱਥਾਂ ਨੂੰ ਤੋੜਨ ਦਾ ਯਤਨ ਕੀਤਾ ਹੈ। 'ਸਾਡੇ ਘਰ' ਨਾਮੀ ਕਹਾਣੀ ਵਿੱਚ ਜਦੋਂ ਕੁੱਝ ਬਦਮਾਸ਼ ਇੱਕ ਵਿਅਕਤੀ ਤੋਂ ਜਬਰੀ ਉਸਦਾ ਘਰ ਖਾਲੀ ਕਰਵਾਕੇ ਕਬਜ਼ਾ ਕਰਨਾ ਚਾਹੁੰਦੇ ਹਨ ਤਾਂ ਪੂਰੇ ਮੁਹੱਲੇ ਦੇ ਲੋਕ ਉਸਦੇ ਨਾਲ ਆ ਖੜਦੇ ਹਨ।

ਇਸੇ ਤਰ੍ਹਾਂ ਇਨਕਾਰ ਕਹਾਣੀ ਵਿੱਚ ਇੱਕ ਦਫਤਰ ਦਾ ਕਰਮਚਾਰੀ ਆਪਣੇ ਉਸ ਅਫਸਰ ਦੀ ਲੜਕੀ ਦੇ ਵਿਆਹ ਦਾ ਕਾਰਡ ਅਤੇ ਮਠਿਆਈ ਦਾ ਡੱਬਾ ਲੈਣ ਤੋਂ ਇਨਕਾਰ ਕਰ ਦਿੰਦਾ ਹੈ ਜੋ ਇਮਾਨਦਾਰ ਕਰਮਚਾਰੀਆਂ ਦਾ ਜਾਣ ਬੁੱਝ ਕੇ ਨਿੱਜੀ ਨੁਕਸਾਨ ਕਰਦਾ ਹੈ। ਰੁੱਖਾਂ ਦੇ ਜਾਏ ,ਤੁਹਾਡੀ ਖੁਸ਼ੀ ,ਇਨਸਾਨੀਅਤ,ਕਾਲਾ ਮੂੰਹ ,ਡੀਲ , ਸ਼ਰਧਾਲੂ ਆਦਿ ਕਹਾਣੀਆਂ ਵਿੱਚ ਸੇਖੋਂ ਨੇ ਇਨਸਾਨੀਅਤ ,ਤਰਕਸ਼ੀਲ ਸੋਚ ਅਤੇ ਮਨੁੱਖ ਦੇ ਦੋਹਰੇ ਕਿਰਦ-ਾਰ ਬਾਖੂਬੀ ਪੇਸ਼ ਕੀਤੇ ਹਨ। ਕੁੱਲ ਮਿਲਾ ਕੇ ਉਸਦੀਆਂ ਇਹ ਚੋਣਵੀਆਂ ਕਹਾਣੀਆਂ ਪਾਠਕ ਦੇ ਮਨ ਉੱਪਰ ਆਪਣਾ ਪ੍ਰਭਾਵ ਪਾਉਣ ਵਿੱਚ ਪੂਰੀ ਤਰ੍ਹਾਂ ਸਮਰੱਥ ਹਨ।

104 ਪੰਨਿਆਂ ਦੀ ਪੁਸਤਕ ਨੂੰ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਨੇ ਪ੍ਰਕਾਸ਼ਿਤ ਕੀਤਾ ਹੈ ਅਤੇ ਪੁਸਤਕ ਦੀ ਕੀਮਤ 200 ਰੁਪਏ ਹੈ।

**ਸਰਬਜੀਤ ਧੀਰ**
emial- eidtor@saihtak-sanjh.com

# ਇਸ ਤੇਜ਼ ਜੀਵਨ ਸ਼ੈਲੀ ਵਿੱਚ, ਮਸ਼ੀਨ ਬਣਦਾ ਜਾ ਰਿਹਾ ਮਨੁੱਖ

ਅੱਜ ਦੇ ਹਾਈਪਰ-ਕਨੈਕਟਡ, ਹਮੇਸ਼ਾ-ਚਾਲੂ ਸੰਸਾਰ ਵਿੱਚ, ਮਨੁੱਖਤਾ ਇੱਕ ਬੇਮਿਸਾਲ ਤਬਦੀਲੀ ਦਾ ਅਨੁਭਵ ਕਰ ਰਹੀ ਹੈ - ਨਾ ਸਿਰਫ਼ ਸਾਡੇ ਰਹਿਣ ਦੇ ਤਰੀਕੇ ਵਿੱਚ, ਸਗੋਂ ਸਾਡੇ ਮੌਜੂਦ ਰਹਿਣ ਦੇ ਤਰੀਕੇ ਵਿੱਚ। ਆਧੁਨਿਕ ਜੀਵਨ ਦੀ ਤੇਜ਼ ਰਫ਼ਤਾਰ ਲੋਕਾਂ ਨੂੰ ਮਸ਼ੀਨਾਂ ਵਿੱਚ ਬਦਲ ਰਹੀ ਹੈ: ਕੁਸ਼ਲ, ਅਨੁਕੂਲਿਤ, ਅਤੇ ਭਾਵਨਾਤਮਕ ਤੌਰ 'ਤੇ ਵੱਖਰਾ। ਜਦੋਂ ਕਿ ਤਕਨਾਲੋਜੀ ਸਾਡੀ ਸੇਵਾ ਕਰਨ ਲਈ ਸੀ, ਹੁਣ ਅਜਿਹਾ ਲੱਗਦਾ ਹੈ ਕਿ ਅਸੀਂ ਇਸਦੀ ਸੇਵਾ ਕਰਨ ਲਈ ਆਪਣੇ ਆਪ ਨੂੰ ਢਾਲ ਰਹੇ ਹਾਂ। ਜਿਸ ਪਲ ਤੋਂ ਅਲਾਰਮ ਵੱਜਦਾ ਹੈ, ਬਹੁਤ ਸਾਰੇ ਲੋਕ ਆਟੋਪਾਇਲਟ 'ਤੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਰੱਖਣ ਲਈ ਇੱਕ ਸਮਾਂ-ਸਾਰਣੀ, ਮਿਲਣ ਲਈ ਸਮਾਂ-ਸੀਮਾਵਾਂ, ਜਵਾਬ ਦੇਣ ਲਈ ਈਮੇਲਾਂ, ਅਤੇ ਪਿੱਛਾ ਕਰਨ ਦੇ ਟੀਚੇ ਹਨ। ਖਾਣਾ ਜਲਦੀ ਕੀਤਾ ਜਾਂਦਾ ਹੈ, ਗੱਲਬਾਤ ਸੰਖੇਪ ਹੁੰਦੀ ਹੈ, ਅਤੇ ਆਰਾਮ ਇੱਕ ਜ਼ਰੂਰਤ ਦੀ ਬਜਾਏ ਇੱਕ ਲਗਜ਼ਰੀ ਬਣ ਜਾਂਦਾ ਹੈ। ਉਤਪਾਦਕਤਾ ਦੀ ਸਭ ਤੋਂ ਵੱਧ ਪ੍ਰਸ਼ੰਸਾ ਕੀਤੀ ਜਾਂਦੀ ਹੈ। ਆਧੁਨਿਕ ਵਿਅਕਤੀ ਨੂੰ ਤੰਦਰੁਸਤੀ ਨਾਲੋਂ ਆਉਟਪੁੱਟ ਦੀ ਕਦਰ ਕਰਨ ਲਈ ਸ਼ਰਤ ਦਿੱਤੀ ਗਈ ਹੈ। ਇਸ ਚੱਕਰ ਵਿੱਚ, ਮਨੁੱਖ ਹੁਣ ਮਸ਼ੀਨਾਂ ਨਾਲ ਨਹੀਂ ਰਹਿ ਰਹੇ ਹਨ - ਉਹ ਉਨ੍ਹਾਂ ਵਾਂਗ ਜੀ ਰਹੇ ਹਨ: ਪ੍ਰੋਗਰਾਮ ਕੀਤੇ, ਕੰਮ-ਮੁਖੀ, ਅਤੇ ਭਾਵਨਾਤਮਕ ਤੌਰ 'ਤੇ ਦੂਰ। ਸਮਾਰਟਫੋਨ, ਏਆਈ ਸਹਾਇਕ, ਅਤੇ ਉਤਪਾਦਕਤਾ ਐਪਸ ਸਮਾਂ ਬਚਾਉਣ ਦਾ ਵਾਅਦਾ ਕਰਦੇ ਹਨ - ਪਰ ਅਕਸਰ ਹੋਰ ਵੀ ਕਰਨ ਲਈ ਦਬਾਅ ਬਣਾਉਂਦੇ ਹਨ। ਸੋਸ਼ਲ ਮੀਡੀਆ ਸਾਡੀ ਨਿਰੰਤਰ ਗਤੀਵਿਧੀ ਅਤੇ ਪ੍ਰਮਾਣਿਕਤਾ ਦੀ ਆਦਤ ਨੂੰ ਖੁਆਉਂਦਾ ਹੈ, ਧਿਆਨ ਦੇ ਸਮੇਂ ਨੂੰ ਘਟਾਉਂਦਾ ਹੈ ਅਤੇ ਚਿੰਤਾ ਵਧਾਉਂਦਾ ਹੈ। ਕਾਰਜ ਸਥਾਨਾਂ ਵਿੱਚ, ਕਰਮਚਾਰੀਆਂ ਦੀ ਕੁਸ਼ਲਤਾ ਲਈ ਨਿਗਰਾਨੀ ਕੀਤੀ ਜਾਂਦੀ ਹੈ। ਘਰਾਂ ਵਿੱਚ, ਲੋਕ ਆਰਾਮ ਕਰਨ ਦੀ ਬਜਾਏ ਬੇਅੰਤ ਸਕ੍ਰੌਲ ਕਰਦੇ ਹਨ। ਇੱਥੋਂ ਤੱਕ ਕਿ ਵਿਹਲਾ ਸਮਾਂ ਵੀ ਹੁਣ ਸਵੈ-ਸੁਧਾਰ ਲਈ "ਅਨੁਕੂਲ" ਹੈ - ਫਿਟਨੈਸ ਟਰੈਕਰ ਕਦਮਾਂ ਦੀ ਨਿਗਰਾਨੀ ਕਰਦੇ ਹਨ, ਐਪਸ ਧਿਆਨ ਦੀ ਅਗਵਾਈ ਕਰਦੇ ਹਨ, ਅਤੇ ਨੀਂਦ ਨੂੰ ਪ੍ਰਦਰਸ਼ਨ ਲਈ ਟਰੈਕ ਕੀਤਾ ਜਾਂਦਾ ਹੈ। ਜੀਵਨ ਦੇ ਹਰ ਹਿੱਸੇ ਨੂੰ ਮਾਪਿਆ ਜਾਂਦਾ ਹੈ। ਤੇਜ਼ ਰਫ਼ਤਾਰ, ਮਸ਼ੀਨ ਵਰਗੀ ਜ਼ਿੰਦਗੀ ਵਿੱਚ, ਭਾਵਨਾਵਾਂ ਨੂੰ ਅਕਸਰ ਸੰਜਮ ਅਤੇ ਕੁਸ਼ਲਤਾ ਬਣਾਈ ਰੱਖਣ ਲਈ ਦਬਾਇਆ ਜਾਂਦਾ ਹੈ। ਭਾਵਨਾਵਾਂ ਨੂੰ ਪ੍ਰਕਿਰਿਆ ਕਰਨ, ਝਟਕਿਆਂ ਤੋਂ ਠੀਕ ਹੋਣ, ਜਾਂ ਸੱਚਮੁੱਚ ਜੁੜਨ ਲਈ ਬਹੁਤ ਘੱਟ ਸਮਾਂ ਹੁੰਦਾ ਹੈ। ਰਿਸ਼ਤੇ ਦੁਖੀ ਹੁੰਦੇ ਹਨ ਕਿਉਂਕਿ ਸੱਚੀ ਮਨੁੱਖੀ ਪਰਸਪਰ ਪ੍ਰਭਾਵ ਨੂੰ ਸਤਹੀ-ਪੱਧਰੀ ਡਿਜੀਟਲ ਐਕਸਚੇਂਜਾਂ ਦੁਆਰਾ ਬਦਲ ਦਿੱਤਾ ਜਾਂਦਾ ਹੈ।ਇਹ ਭਾਵਨਾਤਮਕ ਬਰਨਆਉਟ ਮਾਨਸਿਕ ਸਿਹਤ ਮੁੱਦਿਆਂ - ਉਦਾਸੀ, ਚਿੰਤਾ ਅਤੇ ਇਕੱਲਤਾ - ਵਿੱਚ ਵਾਧਾ ਵੱਲ ਲੈ ਜਾ ਰਿਹਾ ਹੈ - ਪਹਿਲਾਂ ਨਾਲੋਂ ਕਿਤੇ ਜ਼ਿਆਦਾ "ਜੁੜੇ" ਹੋਣ ਦੇ ਬਾਵਜੂਦ। ਮਸ਼ੀਨਾਂ ਵਾਂਗ, ਲੋਕ ਟੁੱਟਣ ਲੱਗ ਪਏ ਹਨ। ਸਿਰ-ਜਣਾਤਮਕਤਾ, ਸਹਿਜਤਾ, ਹਮਦਰਦੀ - ਗੁਣ ਜੋ ਸਾਡੀ ਮਨੁੱਖਤਾ ਨੂੰ ਪਰਿਭਾਸ਼ਿਤ ਕਰਦੇ ਹਨ - ਨੂੰ ਪਾਸੇ ਕੀਤਾ ਜਾ ਰਿਹਾ ਹੈ। ਜਾਰੀ ਰੱਖਣ ਦੀ ਦੌੜ ਵਿੱਚ, ਲੋਕ ਰੁਕਣਾ, ਮਹਿਸੂਸ ਕਰਨਾ ਅਤੇ ਪ੍ਰਤੀਬਿੰਬਤ ਕਰਨਾ ਭੁੱਲ ਜਾਂਦੇ ਹਨ। ਬੱਚਿਆਂ ਨੂੰ ਸਕ੍ਰੀਨਾਂ ਦੇ ਸਾਹਮਣੇ ਪਾਲਿਆ ਜਾਂਦਾ ਹੈ। ਬਾਲਗ ਚੁੱਪ ਦੀ ਖੁਸ਼ੀ ਨੂੰ ਭੁੱਲ ਜਾਂਦੇ ਹਨ। ਸਮਾਜ, ਗਤੀ ਲਈ ਆਪਣੀ ਮੁਹਿੰਮ ਵਿੱਚ, ਗਤੀ ਲਈ ਅਰਥਾਂ ਦਾ ਵਪਾਰ ਕਰ ਰਿਹਾ ਹੈ। ਮਸ਼ੀਨਾਂ ਬਣਨਾ ਬੰਦ ਕਰਨ ਲਈ, ਸਾਨੂੰ ਹੌਲੀ ਹੋਣਾ ਚਾਹੀਦਾ ਹੈ। ਆਪਣੀ ਮਨੁੱਖਤਾ ਨੂੰ ਮੁੜ ਪ੍ਰਾਪਤ ਕਰਨ ਦਾ ਮਤਲਬ ਹੈ ਆਰਾਮ, ਪ੍ਰਤੀਬਿੰਬ ਅਤੇ ਅਸਲ ਸਬੰਧ ਲਈ ਸਮਾਂ ਕੱਢਣਾ। ਇਸਦਾ ਅਰਥ ਹੈ ਮਾਨਸਿਕ ਸਿਹਤ ਨੂੰ ਤਰਜੀਹ ਦੇਣਾ, ਅਪੂਰਣਤਾ ਨੂੰ ਅਪਣਾਉਣਾ, ਅਤੇ ਪ੍ਰਾਪਤੀਆਂ ਨਾਲੋਂ ਅਨੁਭਵਾਂ ਦੀ ਕਦਰ ਕਰਨਾ। ਦੁਨੀਆ ਤੇਜ਼ੀ ਨਾਲ ਦੌੜ ਰਹੀ ਹੋ ਸਕਦੀ ਹੈ, ਪਰ ਸਾਨੂੰ ਆਪਣੇ ਆਪ ਨੂੰ ਜ਼ਮੀਨ ਵਿੱਚ ਭੱਜਣ ਦੀ ਜ਼ਰੂਰਤ ਨਹੀਂ ਹੈ। ਦੁਬਾਰਾ ਮਨੁੱਖ ਬਣਨ ਲਈ ਬਹੁਤ ਦੇਰ ਨਹੀਂ ਹੋਈ - ਮਹਿਸੂਸ ਕਰਨ ਲਈ, ਡੂੰਘਾਈ ਨਾਲ ਸੋਚਣ ਲਈ, ਅਤੇ ਜਾਣਬੁੱਝ ਕੇ ਜੀਉਣ ਲਈ। ਇੱਕ ਤੇਜ਼ ਜੀਵਨ ਸ਼ੈਲੀ ਵਿੱਚ, ਮਨੁੱਖ ਇੱਕ ਮਸ਼ੀਨ ਬਣ ਰਿਹਾ ਹੈ - ਧਾਤ ਅਤੇ ਤਾਰਾਂ ਦੁਆਰਾ ਨਹੀਂ, ਸਗੋਂ ਆਦਤ, ਦਬਾਅ ਅਤੇ ਡਿਸਕਨੈਕਸ਼ਨ ਦੁਆਰਾ। ਸਾਡੇ ਸਮੇਂ ਦੀ ਚੁਣੌਤੀ ਸਿਰਫ਼ ਚੱਲਦੇ ਰਹਿਣਾ ਨਹੀਂ ਹੈ, ਸਗੋਂ ਇਹ ਯਾਦ ਰੱਖਣਾ ਹੈ ਕਿ ਅਸੀਂ ਕਾਹਲੀ ਵਿੱਚ ਕੌਣ ਹਾਂ।



**ਜਸਵਿੰਦਰ ਪਾਲ ਸ਼ਰਮਾ**
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com